ਦਾਖ਼ਲਾ ਪੁਸਤਿਕਾ 2020-21

# PROSPECTUS



**COURSE OFFERED :**

- B.A.
- B.Sc. (Med. & Non-Med.)
- B.Com.
- M.A. (Pbi)
- M.A. (Hindi)

**OTHER ACTIVITIES**

- N.C.C. Army Wing (Boys & Girls)
- N.S.S.
- Youth Service Club.
- Sports Activities.

## Mahant Ram Parkash Das

# GOVERNMENT COLLEGE, TALWARA (Hoshiarpur)

[Formerly recognised as Govt. Arts & Sc. College Talwara (Hoshiarpur)]
(Affiliated to P.U. Chandigarh) (Accredited with B+ Grade by NAAC)
Phone & Fax 01883-237410

Website : www.gctalwara.ac.in Email : gctalwara@gmail.com



# ਸੰਦੇਸ਼

ਮਹੰਤ ਰਾਮ ਪ੍ਰਕਾਸ਼ ਦਾਸ ਸਰਕਾਰੀ ਕਾਲਜ, ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਾਖਲ ਹੋਣ ਦੇ ਚਾਹਵਾਨ ਉਮੀਦਵਾਰਾਂ ਨੂੰ ਜੀ ਆਇਆਂ ਆਖਦਿਆਂ ਹੋਇਆ ਮੈਂ ਇਹ ਫਖਰ ਮਹਿਸੂਸ ਕਰ ਰਹੀ ਹਾਂ ਕਿ ਸਾਲ 1986 ਵਿੱਚ ਸਥਾਪਤ ਇਸ ਵਿਦਿਅਕ ਸੰਸਥਾ ਨੇ ਇਲਾਕੇ ਵਿੱਚ ਸਿਖਿਆ, ਖੇਡਾਂ, ਸੱਭਿਆਚਾਰਕ ਸਰਗਰਮੀਆਂ ਦੇ ਮਾਧਿਅਮ ਰਾਹੀਂ ਗਿਆਨ ਦੇ ਪ੍ਰਸਾਰ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ। ਕਿਸੇ ਵੀ ਸੰਸਥਾ ਤੋਂ ਸਿਖਿਆ ਪ੍ਰਾਪਤੀ ਦਾ ਸਮਾਂ ਵਿਅਕਤੀ ਲਈ ਉਸ ਦੀ ਸ਼ਖਸ਼ੀਅਤ ਨੂੰ ਘੜਨ ਅਤੇ ਨਿਖਾਰਨ ਲਈ ਅਹਿਮ ਸਮਾਂ ਹੁੰਦਾ ਹੈ ਅਤੇ ਅਧਿਆਪਕਾਂ ਦੇ ਰੂਪ ਵਿੱਚ ਵਿਦਮਾਨ ਘਾੜੇ ਇਸ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ।

ਇਸ ਸੰਸਥਾ ਨੂੰ ਇਹ ਮਾਣ ਹਾਸਲ ਹੈ ਕਿ ਇਸ ਵਿੱਚ ਅਧਿਆਪਨ ਵਰਗ ਨਾਲ ਸਬੰਧਤ ਇਹ ਘਾੜੇ ਉਚ ਸਿਖਿਆ ਹਾਸਲ, ਗਿਆਨ ਅਤੇ ਤਜ਼ਰਬੇ ਨਾਲ ਲਬਰੇਜ਼ ਵਿਦਿਆਰਥੀਆਂ ਦੀਆਂ ਅਕਾਦਮਿਕ, ਸੱਭਿਆਚਾਰਕ ਅਤੇ ਹੋਰ ਸਹਿ-ਵਿਦਿਆਕ ਲੋੜਾਂ ਦੀ ਨਿਸ਼ਾਨਦੇਹੀ ਕਰਕੇ ਵਿਦਿਆਰਥੀਆਂ ਨੂੰ ਯੋਗ ਅਤੇ ਸਹੀ ਅਗਵਾਈ ਦੇਣ ਦੇ ਸਮਰੱਥ ਹਨ ਅਤੇ ਇਹ ਸੰਸਥਾ ਪੜ੍ਹਾਈ ਦੀ ਬਿਹਤਰੀ ਲਈ ਲੋੜੀਂਦੇ ਸਾਜ਼ੋ ਸਮਾਨ ਨਾਲ ਸੰਪਨ ਸੰਸਥਾ ਹੈ।

ਗਿਆਨ ਵਿਗਿਆਨ ਦੇ ਖੇਤਰ ਵਿੱਚ ਤੇਜ਼ੀ ਨਾਲ ਹੋ ਰਹੇ ਵਿਕਾਸ ਰਾਹੀਂ ਈਜ਼ਾਦ ਹੋਈਆਂ ਅਤਿ ਆਧੁਨਿਕ ਤਕਨੀਕਾਂ ਨੇ ਮਨੁੱਖੀ ਮਨ ਨੂੰ ਚੌਂਕਾ ਦਿੱਤਾ ਹੈ। ਸੰਚਾਰ ਸਾਧਨਾਂ ਦਾ ਇਸ ਵਿੱਚ ਅਹਿਮ ਯੋਗਦਾਨ ਹੈ। ਮਨੁੱਖ ਵਾਸਤੇ ਇਹ ਫੈਸਲਾ ਕਰਨਾ ਔਖਾ ਹੈ ਕਿ ਜੋ ਉਹਨਾਂ ਸਾਹਮਣੇ ਪਰੋਸਿਆ ਜਾ ਰਿਹਾ ਹੈ- ਉਹ ਕਿੰਨਾ ਕੁ ਹਕੀਕਤ ਦੇ ਨੇੜੇ ਹੈ ਅਤੇ ਕਿੰਨਾ ਕੁ ਝੂਠ ਦੇ ਮੁਲੰਮੇ ਨਾਲ ਓਤਪੋਤ ਹੈ। ਇਸ ਬਾਰੇ ਸਹੀ ਨਿਰਣਾ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਗਿਆਨ, ਵਿਗਿਆਨ ਦੇ ਅਤਿ ਆਧੁਨਿਕ ਸਾਧਨਾਂ ਨੂੰ ਮਨੁੱਖੀ ਦੀ ਬਿਹਤਰੀ ਅਤੇ ਵਿਕਾਸ ਲਈ ਵਰਤਿਆ ਜਾਵੇ ਅਤੇ ਵਿਦਿਆਰਥੀ ਪੂਰਨ ਸਿਖਿਅਤ ਹੋ ਕੇ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣ, ਇਸ ਕਾਮਨਾ ਨਾਲ ਮੈਂ ਇਸ ਸੰਸਥਾ ਵਿੱਚ ਦਾਖਲ ਹੋਣ ਆ ਰਹੇ ਉਮੀਦਵਾਰਾਂ ਨੂੰ ਮੁੜ ਜੀ ਆਇਆਂ ਆਖਦੀ ਹਾਂ।

*(ਪ੍ਰੋ. ਸ਼੍ਰੀਮਤੀ ਰਜਿੰਦਰ ਕੌਰ )*

ਪ੍ਰਿੰਸੀਪਲ

ਫੋਨ ਨੰ: 01883-237410

# ਪ੍ਰਾਸਪੈਕਟਸ 2020-21

ਫੈਕਸ : 01883-236329

# ਐਮ . ਆਰ . ਪੀ . ਡੀ . ਸਰਕਾਰੀ ਕਾਲਜ ਤਲਵਾੜਾ (ਹੁਸ਼ਿਆਰਪੁਰ)

## ਇੱਕ ਨਜ਼ਰ

ਇੱਕੀਵੀਂ ਸਦੀ ਦੇ ਦੂਸਰੇ ਦਹਾਕੇ ਦੇ ਅੰਤ ਉੱਤੇ ਪਹੁੰਚਿਆ ਐੱਮ.ਆਰ.ਪੀ.ਡੀ ਸਰਕਾਰੀ ਕਾਲਜ ਤਲਵਾੜਾ ਪੌਂਗ ਡੈਮ ਦੀ ਗੋਦ ਅਤੇ ਨੀਮ ਪਹਾੜੀਆਂ ਦੇ ਪੈਰਾਂ ਵਿੱਚ ਵਸਿਆ ਇੱਕ ਅਜਿਹਾ ਕਾਲਜ ਹੈ ਜੋ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਇਲਾਕੇ ਦੀ ਆਬੋ-ਹਵਾ, ਸ਼ਾਂਤ ਤੇ ਸੁਹਾਵਣਾ ਵਾਤਾਵਰਣ ਅਤੇ ਹਰਿਆਲੀ ਭਰੀ ਖ਼ੂਬਸੂਰਤੀ ਦੇ ਕਾਰਨ ਆਪਣੀ ਵੱਖਰੀ ਸ਼ਾਨ ਤੇ ਪਹਿਚਾਣ ਬਣਾਈ ਬੈਠਾ ਹੈ।

ਸੰਨ 1986 ਵਿੱਚ ਆਪਣੀ ਹੋਂਦ ਕਾਇਮ ਕਰਨ ਵਾਲਾ ਇਹ ਕਾਲਜ ਭਾਵੇਂ ਆਪਣੇ ਮੁਢਲੇ ਸਮੇਂ ਦੌਰਾਨ ਬਿਲਡਿੰਗ ਵਰਗੀਆਂ ਸਹੂਲਤਾਂ ਦੀ ਘਾਟ, ਨਵੀਂ ਤਕਨੀਕ ਦੀ ਥੁੜ੍ਹ, ਰਾਜਨੀਤਿਕ ਨਜ਼ਰ ਅੰਦਾਜ਼ੀ ਤੇ ਪੱਛੜਾ ਇਲਾਕਾ ਹੋਣ ਦੇ ਕਾਰਨ ਸਟਾਫ਼ ਤੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਨਹੀਂ ਬਣਾ ਸਕਿਆ ਸੀ, ਪਰੰਤੂ ਇਸਦੇ ਬਾਵਜੂਦ ਪ੍ਰੋਫੈਸਰ ਸਾਹਿਬਾਨਾਂ ਦੀ ਡੂੰਘੀ ਅਤੇ ਅਗਾਂਹਵਧੂ ਸੋਚ ਅਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਸਦਕਾ ਇਸ ਕਾਲਜ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੀਆਂ ਖੇਡਾਂ ਤੇ ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਮਾਣ ਮੱਤੇ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਅਧਿਆਪਕਾਂ ਦੇ ਸਿਦਕ ਤੇ ਵਿਦਿਆਰਥੀਆਂ ਦੇ ਬੁਲੰਦ ਹੌਂਸਲੇ ਸਦਕਾ ਹੀ ਨਵੰਬਰ 2004 ਦੌਰਾਨ ਕਾਲਜ ਵਿੱਚ ਆਈ ਨੈਕ (NAAC) ਟੀਮ ਨੇ ਕਾਲਜ ਵਿੱਚ ਮੁਢਲੀਆਂ ਸਹੂਲਤਾਂ ਦੀ ਘਾਟ ਹੋਣ ਦੇ ਬਾਵਜੂਦ ਇੱਥੋਂ ਦੇ ਪ੍ਰੋਫ਼ੈਸਰ ਸਾਹਿਬਾਨਾਂ ਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ B+ ਗਰੇਡ ਨਾਲ ਨਿਵਾਜਿਆ ਸੀ।

ਸਰਕਾਰੀ ਆਰਟਸ ਅਤੇ ਸਾਇੰਸ ਕਾਲਜ ਤਲਵਾੜਾ ਵਰਗੇ ਮੁਢਲੇ ਨਾਮ ਨਾਲ ਜਾਣਿਆ ਜਾਂਦਾ ਐੱਮ.ਆਰ.ਪੀ.ਡੀ ਸਰਕਾਰੀ ਕਾਲਜ ਤਲਵਾੜਾ ਅਜੋਕੇ ਸਮੇਂ ਵਿੱਚ ਪੰਜਾਬ ਦੇ ਕਈ ਉੱਚ-ਪੱਧਰ ਦੇ ਕਾਲਜਾਂ ਦਾ ਹਾਣੀ ਬਣ ਚੁੱਕਾ ਹੈ। ਅੱਜ ਇਹ ਕਾਲਜ ਵਿਗਿਆਨਕ ਅਗਾਂਹਵਧੂ ਅਤੇ ਉਸਾਰੂ ਸੋਚ ਦੇ ਧਾਰਨੀ ਸਟਾਫ਼, ਨਵੀਂ ਤੇ ਖੁੱਲ੍ਹੀ ਹਵਾਦਾਰ ਬਿਲਡਿੰਗ, ਵੱਡੀ ਲਾਇਬਰੇਰੀ, ਨਵੀਆਂ ਸਾਇੰਸ ਲੈਬੋਰਟਰੀਆਂ, ਵਾਈ-ਫ਼ਾਈ ਇਮਾਰਤ, ਸਮਾਰਟ ਤੇ ਵਰਚੁਅਲ ਰੂਮ, ਕੰਪਿਊਟਰ ਰੂਮ ਅਤੇ ਐਜੂ-ਸੈੱਟ ਵਰਗੀਆਂ ਸਹੂਲਤਾਂ ਨਾਲ ਲਬਰੇਜ਼ ਹੈ।

ਇਸ ਕਾਲਜ ਵਿੱਚ ਵੱਡੀ ਪੱਧਰ 'ਤੇ ਲੜਕੀਆਂ ਦਾ ਦਾਖਲਾ ਲੈਣਾ; ਇਲਾਕੇ ਦੇ ਲੋਕਾਂ ਦਾ ਲੜਕੀਆਂ ਪ੍ਰਤੀ ਨਵੇਂ ਨਜ਼ਰੀਏ ਨੂੰ ਹੀ ਉਜਾਗਰ ਨਹੀਂ ਕਰਦਾ ਸਗੋਂ ਕਾਲਜ ਲਈ ਵੀ ਬੜੇ ਮਾਣ ਵਾਲੀ ਗੱਲ ਹੈ। ਬੀ.ਏ, ਬੀ.ਕਾਮ, ਬੀ.ਐੱਸ.ਸੀ. (ਮੈਡੀਕਲ ਤੇ ਨਾਲ ਮੈਡੀਕਲ), ਐੱਮ.ਏ. ਪੰਜਾਬੀ ਅਤੇ ਹਿੰਦੀ ਵਰਗੇ ਕੋਰਸਾਂ ਦਾ ਧਾਰਨੀ ਇਹ ਕਾਲਜ ਆਪਣੇ ਅੰਦਰ ਕਈ ਭਵਿੱਖਤ ਸੰਭਾਵਨਾਵਾਂ ਸਮੋਈ ਬੈਠਾ ਹੈ।

# ਜ਼ਰੂਰੀ ਸੂਚਨਾ

ਦਾਖਲਾ ਫਾਰਮ 15 ਅਗਸਤ 2020, ਸ਼ਾਮ 4 ਵਜੇ ਤਕ ਆਨ ਲਾਈਨ (Online) ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਸ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ।

## ਦਾਖਲੇ ਲਈ ਆਨਲਾਈਨ ਅਪਲਾਈ ਕਰਨ ਲਈ ਦਿਸ਼ਾ ਨਿਰਦੇਸ਼

1. ਬੀ.ਏ/ਬੀ.ਐੱਸ.ਸੀ (ਮੈਡੀਕਲ/ਨਾਨ ਮੈਡੀਕਲ), ਬੀ.ਕਾਮ, ਐੱਮ.ਏ (ਪੰਜਾਬੀ ਅਤੇ ਹਿੰਦੀ) ਲਈ ਸਾਲ 2020-21 ਦੌਰਾਨ ਦਾਖਲਾ Online ਭਰਿਆ ਜਾਣਾ ਹੈ।
2. ਸਾਰੀਆਂ ਕਲਾਸਾਂ ਲਈ Registration ਕਾਲਜ ਦੀ ਵੈਬ ਸਾਈਟ www.gctalwara.ac.in or online.gctalwara.ac.in ਉੱਤੇ ਮਿਤੀ 27 ਜੁਲਾਈ 2020 ਤੋਂ ਸ਼ੁਰੂ ਹੋ ਰਹੀ ਹੈ। Online Registration ਅਤੇ Online Form ਭਰਨ ਦੀ ਅੰਤਿਮ ਮਿਤੀ 15 ਅਗਸਤ, 2020 ਹੈ।
3. ਕਾਲਜ ਦੀ ਵੈਬਸਾਈਟ ਉੱਤੇ Online ਫਾਰਮ ਭਰਨ ਤੋਂ ਪਹਿਲਾਂ ਸਾਲ 2020-21 ਨਾਲ ਸੰਬੰਧਿਤ ਪ੍ਰਾਸਪੈਕਟਸ ਵੈਬਸਾਈਟ ਉਤੇ ਡਾਊਨਲੋਡ ਕਰਕੇ ਜਰੂਰੀ ਹਦਾਇਤਾਂ ਪੜ੍ਹ ਲਈਆਂ ਜਾਣ। ਨਿਯਮਾਂ ਦੀ ਅਣਦੇਖੀ ਕਾਰਨ ਦਾਖਲ ਫਾਰਮ ਰੱਦ ਹੋਣ ਦੀ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।
4. ਕਾਲਜ ਕਮੇਟੀਆਂ ਵੱਲੋਂ ਵਿਦਿਆਰਥੀਆਂ ਦਾ ਦਾਖਲਾ ਫਾਰਮ ਯੂਨਵਰਸਿਟੀ ਦੇ ਨਿਯਮਾ ਅਨੁਸਾਰ ਅਪਰੂਵ ਕਰਨ ਉਪਰੰਤ ਵਿਦਿਆਰਥੀ ਕਾਲਜ ਦੀ ਵੈਬ ਸਾਈਟ ਉੱਤੇ ਜਾ ਕੇ ਅਪਣੀ ਆਈਡੀ ਨਾਲ ਲਾਗ-ਇਨ ਕਰਕੇ ਦਾਖਲਾ ਫੀਸ Online ਹੀ ਜਮਾ ਕਰਵਾਏਗਾ।
5. ਦਾਖ਼ਲੇ ਲਈ ਆਨਲਾਈਨ ਅਪਲਾਈ ਕਰਨ ਲਈ 100 ਰੁਪਏ ਦੀ ਪ੍ਰੋਸੈਸਿੰਗ ਫੀਸ ਲਈ ਜਾਵੇਗੀ ਜੋ ਕਿ ਡੈਬਿਟ ਜਾਂ ਕ੍ਰੈਡਿਟ ਕਾਰਡ ਜਾਂ ਨੈਟ ਬੈਂਕਿੰਗ ਆਦਿ ਰਾਹੀਂ ਅਦਾ ਕੀਤੀ ਜਾ ਸਕਦੀ ਹੈ।
6. ਕਿਸੇ ਵੀ ਕਲਾਸ ਵਿੱਚ ਦਾਖਲਾ ਲੈਣ ਲਈ ਸਭ ਤੋਂ ਪਹਿਲਾ ਕਾਲਜ ਵੈੱਬ ਸਾਈਟ ਉੱਤੇ ਦਿੱਤੇ ਲਿੰਕ 'ਤੇ ਜਾ ਕੇ ਰਜਿਸਟਰੇਸ਼ਨ ਕਰਵਾਉਣੀ ਪਵੇਗੀ । ਪਹਿਲਾਂ ਤੋਂ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀ ਅਗਲੀ ਕਲਾਸ ਵਿੱਚ ਦਾਖਲਾ ਲੈਣ ਸਮੇ ਨਵੇਂ ਸਿਰਿਓਂ ਰਜਿਸਟਰੇਸ਼ਨ ਨਹੀਂ ਕਰਨਗੇ, ਪਿਛਲੇ ਸਾਲ ਵਾਲੇ ਰਜਿਸਟਰੇਸ਼ਨ ਆਈਡੀ ਅਤੇ ਪਾਸਵਰਡ ਦੀ ਵਰਤੋਂ ਕਰਕੇ ਦਾਖਲਾ ਫਾਰਮ ਭਰਨਗੇ । ਰਜਿਸਟਰੇਸ਼ਨ ਕਰਨ ਲਈ ਆਪਣਾ ਮੋਬਾਇਲ ਨੰਬਰ ਅਤੇ ਈ.ਮੇਲ ਆਈਡੀ ਦੀ ਹੀ ਵਰਤੋਂ ਕੀਤੀ ਜਾਵੇ। ਖੁਦ ਦਾ ਮੋਬਾਇਲ ਨੰਬਰ ਨਾ ਹੋਣ ਦੀ ਸੂਰਤ ਵਿੱਚ ਪਰਿਵਾਰ ਦੇ ਕਿਸੇ ਮੈਂਬਰ ਦਾ ਮੋਬਾਇਲ ਨੰਬਰ ਅਤੇ ਈ.ਮੇਲ ਆਈਡੀ ਦੀ ਵਰਤੋਂ ਕੀਤੀ ਜਾ ਸਕਦੀ ਹੈ।
7. ਰਜਿਸਟਰੇਸ਼ਨ ਉਪਰੰਤ ਰਜਿਸਟਰਡ ਕੀਤੇ ਗਏ ਮੋਬਾਇਲ ਨੰਬਰ ਅਤੇ ਈ.ਮੇਲ ਆਈਡੀ ਉੱਤੇ ਤੁਹਾਨੂੰ ਯੂਜ਼ਰ ਆਈਡੀ (Applicant ID) ਅਤੇ ਪਾਸਵਰਡ ਜਾਰੀ ਕੀਤਾ ਜਾਵੇਗਾ। ਇਸ ਉਪਰੰਤ ਦਾਖਲਾ ਫਾਰਮ ਭਰਨ ਅਤੇ ਕਿਸੇ ਵੀ ਭਵਿੱਖਤ ਲੋੜੀਦੀ ਜਾਣਕਾਰੀ ਕੇਵਲ ਰਜਿਸਟਰਡ ਮੋਬਾਇਲ ਨੰਬਰ ਅਤੇ ਈ.ਮੇਲ.ਆਈਡੀ ਉੱਤੇ ਹੀ ਮੁਹਈਆ ਕਰਵਾਈ ਜਾਵੇਗੀ।
8. Online Registration ਫੀਸ ਅਤੇ ਦਾਖਲਾ ਫੀਸ ਏ.ਟੀ.ਐਮ. ਕਾਰਡ, ਕ੍ਰੈਡਿਟ ਕਾਰਡ, ਡੈਬਿਟ ਕਾਰਡ, ਨੈੱਟ ਬੈਂਕਿੰਗ ਜਾਂ ਬੈਕ ਚਲਾਨ ਰਾਹੀਂ ਜਮ੍ਹਾਂ ਕਰਵਾਈ ਜਾ ਸਕਦੀ ਹੈ। ਦਾਖਲਾ ਫੀਸ ਕਾਲਜ ਕਾਊਂਟਰ ਤੇ ਨਹੀਂ ਲਈ ਜਾਵੇਗੀ ।
9. ਜਿਹੜੇ ਵਿਦਿਆਰਥੀ ਦੇ ਪਿਤਾ ਦੀ ਮੌਤ ਹੋ ਚੁਕੀ ਹੈ ਜਾਂ ਜਿਸ ਵਿਦਿਆਰਥੀ ਦਾ ਕੋਈ ਸਗਾ ਭਰਾ ਜਾਂ ਭੈਣ ਕਾਲਜ ਵਿਚ ਪੜ੍ਹਦੇ ਹਨ ਕੇਵਲ ਉਹਨਾ ਦਾ ਹੀ ਪੀ.ਟੀ.ਏ. ਫੰਡ ਮੁਆਫ਼ ਹੋਵੇਗਾ। ਬਸ਼ਰਤ ਹੈ ਕਿ ਅਜਿਹੇ ਵਿਦਿਆਰਥੀਆਂ ਨੂੰ ਅਪਣੇ ਪਿਤਾ ਦੀ ਮੌਤ ਦਾ ਸਰਟੀਫੀਕੇਟ / ਇਕ ਭਰਾ ਜਾ ਭੈਣ ਦੀ ਪੂਰੀ ਦਾਖ਼ਲਾ ਫੀਸ ਦੀ ਰਸੀਦ ਕਾਲਜ ਵਿੱਚ ਆ ਕੇ ਜਮ੍ਹਾਂ ਕਰਵਾਉਣੀ ਪਵੇਗੀ।
10. ਜੇਕਰ ਕੋਈ ਵਿਦਿਆਰਥੀ ਦਾਖਲੇ ਲਈ ਆਨਲਾਈਨ ਫਾਰਮ ਵਿੱਚ ਗਲਤ ਸੂਚਨਾ ਭਰਦਾ ਹੈ ਤਾਂ ਅਜਿਹੇ ਵਿਦਿਆਰਥੀ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ। ਗਲਤ ਜਾਣਕਾਰੀ ਭਰਨ ਕਾਰਨ ਹੋਏ ਨੁਕਸਾਨ ਲਈ ਕਾਲਜ ਜਿੰਮੇਵਾਰ ਨਹੀਂ ਹੋਵੇਗਾ। ਇਸਦੀ ਨਿਰੋਲ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।
11. ਕੋਵਿਡ-19 ਵਰਗੀ ਮਹਾਂਮਾਰੀ ਦੇ ਚਲਦਿਆਂ ਕਿਸੇ ਵੀ ਵਿਦਿਆਰਥੀ ਨੂੰ ਕਾਲਜ ਆਉਣ ਦੀ ਜਰੂਰਤ ਨਹੀਂ ਜਦ ਤੱਕ ਸਰਕਾਰ ਵੱਲੋਂ ਇਸ ਸੰਬੰਧੀ ਕੋਈ ਪ੍ਰਵਾਨਗੀ ਨਹੀਂ ਮਿਲਦੀ ਜਾਂ ਕਾਲਜ ਵੱਲੋਂ ਜਰੂਰਤ ਪੈਣ ਉੱਤੇ ਬੁਲਾਇਆ ਨਹੀਂ ਜਾਂਦਾ।

# ਨੋਟ

1. **ਦਾਖ਼ਲੇ ਸੰਬੰਧੀ ਕੋਈ ਵੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਉਪਰ ਹੀ ਲਗਾਈ ਜਾਵੇਗੀ। ਇਸ ਬਾਰੇ ਡਾਕ ਰਾਹੀਂ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ। ਉਮੀਦਵਾਰ ਦੇ ਹਿੱਤ ਵਿੱਚ ਹੋਵੇਗਾ ਕਿ ਉਹ ਦਾਖ਼ਲਾ ਫਾਰਮ ਜਮ੍ਹਾਂ ਕਰਵਾਉਣ ਤੋਂ ਬਾਅਦ ਸਮੇਂ-ਸਮੇਂ ਤੇ ਨੋਟਿਸ ਬੋਰਡ ਧਿਆਨ ਨਾਲ ਵੇਖਣ।**
2. **ਦਾਖ਼ਲੇ ਸਬੰਧੀ ਪ੍ਰਿੰਸੀਪਲ ਸਾਹਿਬ ਦਾ ਫੈਸਲਾ ਅੰਤਿਮ ਹੋਵੇਗਾ।**
3. **ਜੇਕਰ ਸੀਟ ਉਪਲਬਧ ਹੋਈ, ਤਾਂ ਹੀ ਲੇਟ ਫੀਸ ਨਾਲ ਦਾਖਲੇ ਦਾ ਕੇਸ ਵਿਚਾਰਿਆ ਜਾਵੇਗਾ, ਵਰਨਾ ਨਹੀਂ।**
4. B.A.-I, B.Com-I, B.Sc.-I, M.A-I (**ਹਿੰਦੀ ਅਤੇ ਪੰਜਾਬੀ**) **ਦੇ ਦਾਖਲਾ ਫਾਰਮ ਉਹੀ ਪ੍ਰਵਾਨ ਕੀਤੇ ਜਾਣਗੇ, ਜੋ ਹਰ ਪੱਖੋਂ ਮੁਕੰਮਲ ਹੋਣਗੇ। ਅਧੂਰੇ ਭਰੇ ਫਾਰਮ ਦਾਖਲੇ ਲਈ ਵਿਚਾਰੇ ਨਹੀਂ ਜਾਣਗੇ।**

## ਦਾਖਲਾ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ -

1. ਪਿਛਲੀ ਜਮਾਤ ਪਾਸ ਕਰਨ ਦੇ ਪ੍ਰਮਾਣ ਪੱਤਰ ਦੀ ਸ੍ਵੈ-ਤਸਦੀਕੀ ਕਾਪੀ।
2. ਪਿਛਲੇ ਅਦਾਰੇ ਤੋਂ ਪ੍ਰਾਪਤ ਆਚਰਣ ਸਰਟੀਫਿਕੇਟ ਦੀ ਤਸਦੀਕੀ ਕਾਪੀ।
3. ਜਨਮ ਮਿਤੀ ਦੇ ਸਬੂਤ ਵਜੋਂ ਮੈਟ੍ਰਿਕ ਦੇ ਸਰਟੀਫਿਕੇਟ ਦੀ ਸ੍ਵੈ-ਤਸਦੀਕੀ ਕਾਪੀ।
4. ਵੋਟਰ ਕਾਰਡ ਦੀ ਕਾਪੀ
5. ਵਿਦਿਆਰਥੀ ਜਿਸ ਕੈਟਾਗਰੀ ਵਿਚ ਦਾਖਲਾ ਲੈਣਾ ਚਾਹੁੰਦਾ ਹੈ ਉਸ ਦੇ ਸਬੂਤ ਵਜੋਂ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤੇ ਸਰਟੀਫਿਕੇਟ ਦੀ ਕਾਪੀ ਨਾਲ ਲਗਾਏ, ਨਹੀਂ ਤਾਂ ਉਸਦਾ ਕੇਸ ਸਬੰਧਿਤ ਕੈਟਾਗਰੀ ਵਿਚ ਨਹੀਂ ਵਿਚਾਰਿਆ ਜਾਵੇਗਾ।
6. **ਅਨੁਸੂਚਿਤ ਜਾਤੀ/ਪਛੜੀ ਜਾਤੀ ਦੇ ਉਹ ਯੋਗ ਵਿਦਿਆਰਥੀ ਜਿੰਨ੍ਹਾ ਨੇ ਫੀਸ ਮੁਆਫ ਕਰਾਉਣੀ ਹੈ ਅਤੇ ਵਜੀਫ਼ੇ ਲਈ ਅਪਲਾਈ ਕਰਨਾ ਹੈ, ਉਹਨਾ ਦੁਆਰਾ ਉਪਰੋਕਤ ਤੋਂ ਇਲਾਵਾ ਹੇਠ ਲਿਖੇ ਦਸਤਾਵੇਜ ਵੀ ਜਰੂਰੀ ਲਗਾਏ ਜਾਣ।**

   (1) ਆਧਾਰ ਕਾਰਡ ਦੀ ਕਾਪੀ

   (2) ਬੈਂਕ ਪਾਸ ਬੁੱਕ ਦੀ ਕਾਪੀ

   (3) ਆਮਦਨ ਸਬੰਧੀ ਪ੍ਰਮਾਣ ਪੱਤਰ। (ਮੌਜੂਦਾ ਸਾਲ ਦਾ ਬਣਿਆ ਹੋਇਆ)

   (4) ਐਸ.ਸੀ. ਜਾਂ ਓ.ਬੀ.ਸੀ. ਦਾ ਸਰਟੀਫਿਕੇਟ

# ਸਟਾਫ਼

## ਪ੍ਰਿੰਸੀਪਲ : *ਪ੍ਰੋ. ਸ੍ਰੀਮਤੀ ਰਜਿੰਦਰ ਕੌਰ* (ਪੀ.ਈ.ਐਸ. 1)

### ਪੰਜਾਬੀ ਵਿਭਾਗ (ਪੋਸਟ ਗਰੈਜੂਏਟ)

1. **ਡਾ: ਸੁਰਜੀਤ ਸਿੰਘ** ਐਮੱ.ਏ., ਐਮੱ.ਫਿਲ਼. ਪੀ-ਐਚੱ. ਡੀ. (ਅਸਿਸਟੈਂਟ ਪ੍ਰੋਫੈਸਰ)
2. **ਪ੍ਰੋ. ਰੁਪਾਲੀ ਵਰਮਾ** (ਅਸਿਸਟੈਂਟ ਪ੍ਰੋਫੈਸਰ)
3. **ਪ੍ਰੋ. ਅਜੈ ਕੁਮਾਰ** (ਅਸਿਸਟੈਂਟ ਪ੍ਰੋਫੈਸਰ)
4. **ਪ੍ਰੋ. ਦਲਵਿੰਦਰ ਪਾਲ ਸਿੰਘ** (ਅਸਿਸਟੈਂਟ ਪ੍ਰੋਫੈਸਰ) 5. **ਪ੍ਰੋ. ਸੁਸ਼ਮਾ ਕੁਮਾਰੀ** (ਅਸਿਸਟੈਂਟ ਪ੍ਰੋਫੈਸਰ)

### ਹਿੰਦੀ ਵਿਭਾਗ (ਪੋਸਟ ਗਰੈਜੂਏਟ)

1. **ਪ੍ਰੋ. ਸੁਮਨ ਬਾਲਾ** (ਅਸਿਸਟੈਂਟ ਪ੍ਰੋਫੈਸਰ)
2. **ਪ੍ਰੋ. ਕ੍ਰਿਸ਼ਨਾ ਦੇਵੀ** (ਅਸਿਸਟੈਂਟ ਪ੍ਰੋਫੈਸਰ)
3. **ਡਾ. ਨੀਨਾ ਭਾਰਦਵਾਜ** (ਅਸਿਸਟੈਂਟ ਪ੍ਰੋਫੈਸਰ)

### ਅੰਗਰੇਜ਼ੀ ਵਿਭਾਗ :-

1 **ਪ੍ਰੋ. ਅਕਬਾਲ ਸਿੰਘ** (ਅਸਿਸਟੈਂਟ ਪ੍ਰੋਫੈਸਰ) 2 **ਪ੍ਰੋ. ਜਤਿੰਦਰ ਕੁਮਾਰ** (ਅਸਿਸਟੈਂਟ ਪ੍ਰੋਫੈਸਰ) 3. **ਪ੍ਰੋ. ਜੀਵਨ ਜੋਤੀ** )(ਅਸਿਸਟੈਂਟ ਪ੍ਰੋਫੈਸਰ)

### ਸੰਸਕ੍ਰਿਤ ਵਿਭਾਗ

1. ਖ਼ਾਲੀ

### ਰਾਜਨੀਤੀ ਸ਼ਾਸਤਰ ਵਿਭਾਗ

1. **ਪ੍ਰੋ. ਰਣਜੀਤ ਸਿੰਘ** (ਅਸਿਸਟੈਂਟ ਪ੍ਰੋਫੈਸਰ)
2. **ਪ੍ਰੋ. ਗੁਰਮੀਤ ਕੌਰ** (ਅਸਿਸਟੈਂਟ ਪ੍ਰੋਫੈਸਰ)

### ਇਤਿਹਾਸ ਵਿਭਾਗ

1 **ਪ੍ਰੋ. ਰੀਨਾ ਰਾਣੀ** (ਅਸਿਸਟੈਂਟ ਪ੍ਰੋਫੈਸਰ) 2. ਪ੍ਰੋ ਗੁਰਸੇਵਕ ਸਿੰਘ (ਅਸਿਸਟੈਂਟ ਪ੍ਰੋਫੈਸਰ)

### ਅਰਥ ਸ਼ਾਸਤਰ ਵਿਭਾਗ

1. **ਪ੍ਰੋ. ਜਸਮੀਤ ਕੌਰ** (ਅਸਿਸਟੈਂਟ ਪ੍ਰੋਫੈਸਰ)

### ਗਣਿਤ ਵਿਭਾਗ

1. **ਪ੍ਰੋ. ਗੁਰਜਿੰਦਰ ਸਿੰਘ** (ਅਸਿਸਟੈਂਟ ਪ੍ਰੋਫੈਸਰ)
2. **ਪ੍ਰੋ. ਸੁਸ਼ਮਾ ਦੇਵੀ** (ਅਸਿਸਟੈਂਟ ਪ੍ਰੋਫੈਸਰ)

### ਸਰੀਰਕ ਸਿੱਖਿਆ ਵਿਭਾਗ :-

1. **ਪ੍ਰੋ. ਰਜਨੀਸ਼ ਸ਼ਰਮਾ** (ਅਸਿਸਟੈਂਟ ਪ੍ਰੋਫੈਸਰ)

### ਕਾਮਰਸ ਵਿਭਾਗ

1. **ਡਾ. ਕਸ਼ਮੀਰੀ ਲਾਲ** ਐਮ.ਕਾਮ.,ਪੀ-ਐਚੱ.ਡੀ. (ਪ੍ਰੋਫੈਸਰ)
2. **ਪ੍ਰੋ. ਨੀਤਿਕਾ ਦੇਵੀ** (ਅਸਿਸਟੈਂਟ ਪ੍ਰੋਫੈਸਰ) 3.ਪ੍ਰੋ. ਕੁਲਦੀਪ ਚੰਦ (ਅਸਿਸਟੈਂਟ ਪ੍ਰੋਫੈਸਰ)

### ਰਸਾਇਣ ਵਿਗਿਆਨ ਵਿਭਾਗ

1. **ਡਾ. ਯਸ਼ ਸ਼ਾਰਦਾ** ਐਮੱ.ਐਸੱ.ਸੀ.,ਐਮੱ.ਫਿਲ., ਪੀ-ਐਚੱ.ਡੀ. (ਐਸੋਸੀਏਟ ਪ੍ਰੋਫੈਸਰ)
2. **ਪ੍ਰੋ. ਮੋਨੀਸ਼ਾ ਸ਼ਰਮਾ** (ਅਸਿਸਟੈਂਟ ਪ੍ਰੋਫੈਸਰ) 3 **ਪ੍ਰੋ. ਮੁਨੀਸ਼ ਕਸ਼ਯਪ** (ਅਸਿਸਟੈਂਟ ਪ੍ਰੋਫੈਸਰ) 4 **ਪ੍ਰੋ. ਸੀਮਾ ਸ਼ਰਮਾ** (ਅਸਿਸਟੈਂਟ ਪ੍ਰੋਫੈਸਰ)

## ਭੌਤਿਕ ਵਿਗਿਆਨ ਵਿਭਾਗ

1. **ਪ੍ਰੋ. ਜਸਵੰਤ ਸਿੰਘ** (ਅਸਿਸਟੈਂਟ ਪ੍ਰੋਫ਼ੈਸਰ)
2. **ਪ੍ਰੋ. ਸੀਤਲ ਧੀਮਾਨ** (ਅਸਿਸਟੈਂਟ ਪ੍ਰੋਫ਼ੈਸਰ)
3. **ਪ੍ਰੋ. ਪਾਇਲ** (ਅਸਿਸਟੈਂਟ ਪ੍ਰੋਫ਼ੈਸਰ) 4. ਖ਼ਾਲੀ

## ਬਨਸਪਤੀ ਵਿਗਿਆਨ ਵਿਭਾਗ

1 **ਪ੍ਰੋ. ਦਰਪਣ ਚੌਧਰੀ** (ਅਸਿਸਟੈਂਟ ਪ੍ਰੋਫ਼ੈਸਰ)
2 **ਪ੍ਰੋ. ਸੁਮਨ ਸ਼ਰਮਾ** (ਅਸਿਸਟੈਂਟ ਪ੍ਰੋਫ਼ੈਸਰ)

## ਜੀਵ/ਪ੍ਰਾਣੀ ਵਿਗਿਆਨ ਵਿਭਾਗ

1. **ਪ੍ਰੋ. ਸੀਮਾ ਜੱਸਲ** (ਅਸਿਸਟੈਂਟ ਪ੍ਰੋਫ਼ੈਸਰ)
2. **ਪ੍ਰੋ. ਪ੍ਰੀਤੀ ਚੌਧਰੀ** (ਅਸਿਸਟੈਂਟ ਪ੍ਰੋਫ਼ੈਸਰ)

## ਕੰਪਿਊਟਰ ਸਾਇੰਸ ਵਿਭਾਗ

1. **ਪ੍ਰੋ. ਇੰਦਰਜੀਤ ਕੌਰ** (ਅਸਿਸਟੈਂਟ ਪ੍ਰੋਫ਼ੈਸਰ)

## ਲਾਇਬਰੇਰੀ ਵਿਭਾਗ

1. ਲਾਇਬਰੇਰੀਅਨ (ਖਾਲੀ)

# ਕਾਲਜ ਪ੍ਰਸ਼ਾਸਨ ਨਾਲ ਜੁੜੇ ਮਹੱਤਵਪੂਰਨ ਅਹੁਦੇ

1. ਕਾਲਜ ਬਰਸਰ - ਡਾ. ਕਸ਼ਮੀਰੀ ਲਾਲ
2. ਰਜਿਸਟਰਾਰ, ਘਰੇਲੂ ਪ੍ਰੀਖਿਆਵਾਂ - ਡਾ: ਯਸ਼ ਸ਼ਾਰਦਾ
3. 'ਟਾਈਮ ਟੇਬਲ' ਇੰਚਾਰਜ - ਡਾ. ਯਸ਼ ਸ਼ਾਰਦਾ
4. ਇੰਚਾਰਜ ਲਾਇਬਰੇਰੀ - ਡਾ. ਸੁਰਜੀਤ ਸਿੰਘ
5. ਐਨ. ਸੀ. ਸੀ. ਇੰਚਾਰਜ - ਪ੍ਰੋ. ਜਸਵੰਤ ਸਿੰਘ
6. ਇੰਚਾਰਜ ਸਕਾਲਰਸ਼ਿਪ (ਵਜ਼ੀਫਾ) - ਪ੍ਰੋ. ਅਜੈ ਕੁਮਾਰ
7. ਇੰਚਾਰਜ ਕਾਲਜ ਪ੍ਰਾਪਰਟੀ - ਡਾ. ਕਸ਼ਮੀਰੀ ਲਾਲ
8. ਇੰਚਾਰਜ ਵੋਮੈਨ ਸੈਲ - ਡਾ. ਯਸ਼ ਸ਼ਾਰਦਾ
9. ਇੰਚਾਰਜ ਐਜੂਸੈੱਟ - ਪ੍ਰੋ. ਜਸਵੰਤ ਸਿੰਘ
10. ਨੋਡਲ ਅਫਸਰ ਚੋਣਾਂ/ਸਵੀਪ ਗਤੀਵਿਧੀਆਂ - ਡਾ. ਸੁਰਜੀਤ ਸਿੰਘ
11. ਇੰਚਾਰਜ ਯੁਵਕ ਭਲਾਈ ਵਿਭਾਗ - ਡਾ. ਸੁਰਜੀਤ ਸਿੰਘ
12. ਇੰਚਾਰਜ ਲੀਗਲ ਲਿਟਰੇਸੀ ਕਲੱਬ - ਡਾ. ਕਸ਼ਮੀਰੀ ਲਾਲ
13. ਕਨਵੀਨਰ (RUSA) - ਪ੍ਰੋ. ਜਸਵੰਤ ਸਿੰਘ
14. ਨੋਡਲ ਅਫਸਰ ਸਰਵਿਸਜ਼ ਐਕਟ - ਪ੍ਰੋ. ਪ੍ਰੀਤੀ ਚੌਧਰੀ
15. ਯੂ.ਜੀ.ਸੀ. ਇੰਨਚਾਰਜ - ਡਾ. ਸੁਰਜੀਤ ਸਿੰਘ
16. ਇੰਨਚਾਰਜ ਨੈਕ - ਡਾ. ਕਸ਼ਮੀਰੀ ਲਾਲ
17. ਇੰਨਚਾਰਜ ਐਨ.ਐਸ.ਐਸ - **ਪ੍ਰੋ. ਸੀਮਾ ਜੱਸਲ**
18. ਮੁਖ ਸੰਪਾਦਕ ਕਾਲਜ ਮੈਗਜੀਨ - ਡਾ. ਸੁਰਜੀਤ ਸਿੰਘ
19. ਇੰਨਚਾਰਜ ਨਿਊਜ ਫੋਰਮ - ਪ੍ਰੋ. ਅਜੈ ਕੁਮਾਰ
20. ਇੰਨਚਾਰਜ ਆਰ.ਟੀ.ਆਈ - ਡਾ. ਸੁਰਜੀਤ ਸਿੰਘ
21. ਨੋਡਲ ਅਫਸਰ ਕਾਲਜ ਯੂਨੀ ਕੋਆਰਜੀਨੇਸ਼ਨ - ਡਾ. ਯਸ਼ ਸ਼ਾਰਦਾ
22. ਬੱਡੀ ਪ੍ਰੋਗਰਾਮ ਇੰਨਚਾਰਜ - ਪ੍ਰੋ. ਜਸਵੰਤ ਸਿੰਘ
23. ਇੰਨਚਾਰਜ ਵਿਦਿਆਰਥਈ ਸ਼ਿਕਾਇਤ ਨਿਵਾਰਣ ਕਮੇਟੀ - ਡਾ. ਸੁਰਜੀਤ ਸਿੰਘ
24. ਇੰਚਾਰਜ ਕਾਲਜ ਵੈੱਬਸਾਈਟ, ਕੈਮਰਾ ਅਤੇ ਵਰਚੁਅਲ ਰੂਮ - ਪ੍ਰੋ. ਅਜੈ ਕੁਮਾਰ

## ਪ੍ਰਬੰਧਕੀ ਅਮਲਾ

| | | |
|---|---|---|
| 1. | ਸੁਪਰਡੈਂਟ | ਖਾਲੀ |
| 2. | ਜੂਨੀਅਰ ਸਹਾਇਕ | ਸ੍ਰੀ ਸ਼ਬਨਮ ਕੁਮਾਰ |
| 3. | ਜੂਨੀਅਰ ਸਹਾਇਕ | ਸ੍ਰੀ ਕਿਸ਼ੋਰੀ ਲਾਲ |
| 4. | ਕਲਰਕ | ਸ੍ਰੀ ਗੁਰਦਿਆਲ ਸਿੰਘ |
| 5. | ਸਟੈਨੋ ਟਾਈਪਿਸਟ | ਖਾਲੀ |

## ਪ੍ਰਯੋਗਸ਼ਾਲਾ ਸਟਾਫ਼

### ਰਸਾਇਣ ਵਿਗਿਆਨ (ਕੈਮਿਸਟਰੀ)

| | | |
|---|---|---|
| 1. | ਐਸ. ਐਲ. ਏ | ਖਾਲੀ |
| 2. | ਜੇ. ਐਲ. ਏ. | ਖਾਲੀ |
| 3. | ਸੀਨੀ. ਲੈਬ. ਅਟੈਂਡੈਂਟ | ਖਾਲੀ |
| 4. | ਲੈਬ. ਅਟੈਂਡੈਂਟ | ਸ੍ਰੀ ਬਖਸ਼ੀਸ਼ ਸਿੰਘ |
| 5. | ਗੈਸ ਮੈਨ | ਖਾਲੀ |
| 6. | ਗੈਸ ਮੈਨ | ਸ੍ਰੀ ਹਰਬੰਸ ਲਾਲ |

### ਭੌਤਿਕ ਵਿਗਿਆਨ (ਫਿਜਿਕਸ)

| | | |
|---|---|---|
| 1. | ਐਸ.ਐਲ.ਏ | ਸ੍ਰੀ ਜਸਵੀਰ ਸਿੰਘ . |
| 2. | ਜੇ.ਐਲ.ਏ. | ਖਾਲੀ |
| 3. | ਸੀਨੀਅਰ ਲੈਬ. ਅਟੈਂਡੈਂਟ | ਸ੍ਰੀ ਵਿਜੈ ਕੁਮਾਰ |
| 4. | ਲੈਬ. ਅਟੈਂਡੈਂਟ | ਖਾਲੀ |

### ਬਨਸਪਤੀ ਵਿਗਿਆਨ (ਬੌਟਨੀ)

| | | |
|---|---|---|
| 1. | ਐਸ. ਐਲ. ਏ. | ਖਾਲੀ |
| 2. | ਸੀਨੀ. ਲੈਬ. ਅਟੈਂਡੈਂਟ | ਸ੍ਰੀ ਸੁਨੀਲ ਕੁਮਾਰ |
| 3. | ਮਾਲੀ-ਕਮ-ਪਲਾਂਟ ਕੁਲੈਕਟਰ | ਖਾਲੀ |

### ਪ੍ਰਾਣੀ ਵਿਗਿਆਨ (ਜੁਔਲੌਜੀ)

| | | |
|---|---|---|
| 1. | ਐਸ. ਐਲ. ਏ | ਖਾਲੀ |
| 2. | ਜੇ.ਐਲ.ਏ. | ਖਾਲੀ |
| 3. | ਸੀਨੀਅਰ ਲੈਬ. ਅਟੈਂਡੈਂਟ | ਖਾਲੀ . |
| 4. | ਐਨੀਮਲ ਕੁਲੈਕਟਰ | ਸ੍ਰੀ ਬਹਾਦਰ ਸਿੰਘ |

### ਲਾਇਬਰੇਰੀ ਵਿਭਾਗ

| | | |
|---|---|---|
| 1. | ਰਿਸਟੋਰਰ | ਸ੍ਰੀਮਤੀ ਹਰਵਿੰਦਰ ਕੌਰ |
| 2. | ਲਾਇਬਰੇਰੀ ਅਟੈਂਡੈਂਟ | ਖਾਲੀ |

## ਦਰਜਾ ਚਾਰ ਕਰਮਚਾਰ

| | | | | | |
|---|---|---|---|---|---|
| 1. | ਸ੍ਰੀ ਰਜਿੰਦਰ ਕੁਮਾਰ | ਸੇਵਾਦਾਰ | 9. | ਖਾਲੀ | ਸਫਾਈ ਸੇਵਕ |
| 2. | ਖਾਲੀ | ਸੇਵਾਦਾਰ | 10. | ਸ੍ਰੀ ਜਸਵੀਰ ਕੁਮਾਰ | ਸਫਾਈ ਸੇਵਕ |
| 3. | ਸ੍ਰੀ ਸੁਖਦੇਵ ਸਿੰਘ | ਸੇਵਾਦਾਰ | 11. | ਸ੍ਰੀ ਵਿਨੋਦ ਕੁਮਾਰ | ਸਫਾਈ ਸੇਵਕ |
| 4. | ਸ੍ਰੀ ਅਜੈ ਕੁਮਾਰ | ਸੇਵਾਦਾਰ | 12. | ਖਾਲੀ | ਚੌਕੀਦਾਰ |
| 5. | ਖਾਲੀ | ਸੇਵਾਦਾਰ | 13. | ਸ੍ਰੀ ਦਿਲਵਰ ਅਨੂਪ ਸਿੰਘ | ਚੌਕੀਦਾਰ |
| 6. | ਖਾਲੀ | ਮਾਲੀ | 14. | ਸ੍ਰੀ ਅਸ਼ੋਕ ਕੁਮਾਰ | ਚੌਕੀਦਾਰ |
| 7. | ਖਾਲੀ | ਮਾਲੀ | 15. | ਖਾਲੀ | ਬੇਲਦਾਰ |
| 8. | ਖਾਲੀ | ਵਾਟਰਮੈਨ | 16. | ਖਾਲੀ | ਸੇਵਾਦਾਰ |

## ਦਾਖਲੇ ਦੇ ਨਿਯਮ ਅਤੇ ਸ਼ਰਤਾਂ

1. ਵੱਖ-ਵੱਖ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ । ਮੈਰਿਟ ਮਾਰਚ/ਅਪ੍ਰੈਲ/ਮਈ 2020 ਦੀ ਪ੍ਰੀਖਿਆ ਵਿਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਬਣਾਈ ਜਾਵੇਗੀ।
2. ਮੈਰਿਟ ਪਾਸ ਕੀਤੀ ਹੇਠਲੀ ਜਮਾਤ ਵਿੱਚ ਪ੍ਰਾਪਤ ਕੀਤੇ ਗਏ ਅੰਕਾਂ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ । ਦਾਖਲਾ ਉਨ੍ਹਾਂ ਵਿਦਿਅਰਥੀਆਂ ਨੂੰ ਹੀ ਦਿੱਤਾ ਜਾਵੇਗਾ ਜਿਨਾਂ ਨੇ ਹੇਠਲੀ ਸ਼੍ਰੇਣੀ ਦੀ ਪ੍ਰੀਖਿਆ ਮਾਰਚ/ਅਪ੍ਰੈਲ/ਮਈ 2020 ਵਿੱਚ ਪਾਸ ਕੀਤੀ ਹੋਵੇਗੀ ।
3. ਬੀ.ਏ./ਬੀ.ਐਸ.ਸੀ./ਬੀ.ਕਾਮ. ਭਾਗ ਦੂਜਾ ਅਤੇ ਤੀਜਾ ਅਤੇ ਐਮ. ਏ. ਹਿੰਦੀ/ਪੰਜਾਬੀ ਭਾਗ ਦੂਜਾ ਵਿਚ ਬਾਹਰਲੇ ਵਿਦਿਆਰਥੀਆਂ ਨੂੰ ਦਾਖਲਾ ਦੇਣਾ ਸੀਟਾਂ ਖਾਲੀ ਹੋਣ ਦੀ ਸੂਰਤ ਵਿਚ ਹੀ ਵਿਚਾਰਿਆ ਜਾਵੇਗਾ।
4. ਕਾਲਜ ਵਿੱਚ ਪਹਿਲੀ ਵਾਰ ਦਾਖਲਾ ਲੈਣ ਵਾਲੇ ਉਮੀਦਵਾਰ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਪਿਛਲੀ ਸੰਸਥਾ ਤੋਂ ਆਚਰਣ ਸੰਬੰਧੀ ਪ੍ਰਮਾਣ ਪੱਤਰ ਲੈਕੇ ਦਾਖਲਾ ਫਾਰਮ ਨਾਲ ਨੱਥੀ ਕਰੇ ।
5. ਗੈਰ-ਮਾਨਤਾ ਪ੍ਰਾਪਤ ਸੰਸਥਾਵਾਂ ਅਤੇ ਨਿਰੋਲ ਪ੍ਰਾਈਵੇਟ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਜਾਂ ਪੱਤਰ ਵਿਵਹਾਰ ਰਾਹੀਂ ਸਿੱਖਿਆ ਪ੍ਰਾਪਤ ਵਿਦਿਆਰਥੀ ਕਿਸੇ ਗਜ਼ਟਿਡ ਅਧਿਕਾਰੀ ਤੋਂ ਆਚਰਣ ਸੰਬੰਧੀ ਪ੍ਰਮਾਣ-ਪੱਤਰ (ਮੂਲ ਰੂਪ ਵਿੱਚ) ਦਾਖਲਾ ਫਾਰਮ ਨਾਲ ਨੱਥੀ ਕਰੇ । ਲੜਕੀਆਂ ਆਚਰਨ ਸਬੰਧੀ ਸਰਟੀਫੀਕੇਟ ਸਰਪੰਚ ਦੁਆਰਾ ਜਾਰੀ ਕੀਤਾ ਵੀ ਲਗਾ ਸਕਦੀਆਂ ਹਨ।
6. ਕਿਸੇ ਵੀ ਸ਼੍ਰੇਣੀ ਵਿੱਚ ਰਿਜ਼ਰਵ ਸੀਟ ਵਾਸਤੇ ਕਲੇਮ ਕਰਨ ਲਈ ਸਮਰੱਥ ਅਧਿਕਾਰੀ ਦਾ ਤਸਦੀਕ ਕੀਤਾ ਸਰਟੀਫਿਕੇਟ ਦਾਖਲਾ ਫਾਰਮ ਨਾਲ ਨੱਥੀ ਕਰਨਾ ਜ਼ਰੂਰੀ ਹੋਵੇਗਾ । ਫਾਰਮ 'ਚ ਨਿਰਧਾਰਿਤ ਕਾਲਮ ਵਿੱਚ ਰਿਜਰਵ ਸ਼੍ਰੇਣੀ ਨਾ ਲਿਖਣ ਅਤੇ ਫਾਰਮ ਨਾਲ ਅਜਿਹਾ ਸਰਟੀਫਿਕੇਟ ਨੱਥੀ ਨਾ ਹੋਣ ਦੀ ਸੂਰਤ ਵਿੱਚ ਉਮੀਦਵਾਰ ਦਾ ਰਿਜ਼ਰਵ ਸੀਟ ਲਈ ਕਲੇਮ ਨਹੀਂ ਬਣੇਗਾ ਅਤੇ ਬਾਅਦ ਵਿੱਚ ਰਾਖਵੇਂ ਕਰਨ ਦੇ ਦਾਅਵੇ ਲਈ ਕੋਈ ਸਬੂਤ ਨਹੀਂ ਲਿਆ ਜਾਵੇਗਾ । **ਦਾਖਲੇ ਸਮੇਂ ਅਸਲ ਸਰਟੀਫੀਕੇਟ ਪੇਸ਼ ਕਰਨੇ ਜਰੂਰੀ ਹਨ।**
7. ਦਾਖਲਾ ਫਾਰਮ ਵਿਦਿਆਰਥੀ ਖੁਦ ਮੁਕੰਮਲ ਰੂਪ ਵਿੱਚ ਭਰੇ। ਫਾਰਮ ਅਧੂਰਾ ਹੋਣ ਦੀ ਸੂਰਤ ਵਿੱਚ ਦਾਖਲਾ ਫਾਰਮ ਰੱਦ ਕਰ ਦਿੱਤਾ ਜਾਵੇਗਾ ।
8. ਦਾਖਲਾ ਫਾਰਮ ਨਾਲ ਲੋੜੀਂਦੇ ਦਸਤਾਵੇਜ਼ਾਂ ਦੀਆਂ ਤਸ਼ਦੀਕ ਸ਼ੁਦਾ ਕਾਪੀਆਂ ਨੱਥੀ ਹੋਣੀਆਂ ਜ਼ਰੂਰੀ ਹਨ ।
9. ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਤੋਂ ਬਾਅਦ ਫਾਰਮ ਨਾਲ ਕੋਈ ਦਸਤਾਵੇਜ਼ ਲਗਾਉਣ ਜਾਂ ਉਤਾਰਨ ਦੀ ਆਗਿਆ ਨਹੀਂ ਹੋਵੇਗੀ । ਪਰੰਤੂ ਰਿਜ਼ਲਟ ਲੇਟ ਵਾਲੇ ਵਿਦਿਆਰਥੀ ਆਪਣੇ ਨਤੀਜਾ ਕਾਰਡ ਦੀ ਕਾਪੀ ਬਾਅਦ ਵਿੱਚ ਨੱਥੀ ਕਰ ਸਕਦੇ ਹਨ ।
10. ਦਾਖਲਾ ਫਾਰਮ ਵਿੱਚ ਕਿਸੇ ਕਿਸਮ ਦੀ ਗਲਤ ਸੂਚਨਾ ਦੇਣ ਲਈ ਉਮੀਦਵਾਰ ਖੁਦ ਜ਼ਿਮੇਵਾਰ ਹੋਵੇਗਾ ਅਤੇ ਪ੍ਰਿੰਸੀਪਲ ਸਾਹਿਬ ਨੂੰ ਉਸ ਉਮੀਦਵਾਰ ਦਾ ਦਾਖਲਾ ਰੱਦ ਕਰਨ ਦਾ ਅਧਿਕਾਰ ਹੋਵੇਗਾ ।
11. ਵਿਦਿਆਰਥੀਆਂ ਨੂੰ ਕੇਵਲ ਉਹ ਵਿਸ਼ਾ/ਗਰੁਪ ਲੈਣਾ ਹੋਵੇਗਾ ਜੋ ਕਾਲਜ ਪ੍ਰਾਸਪੈਕਟਸ ਵਿੱਚ ਪ੍ਰਵਾਨਿਤ ਹਨ ਜਾਂ ਜਿਨ੍ਹਾਂ ਵਿਸ਼ਿਆਂ ਵਿੱਚ ਸੀਟਾਂ ਖਾਲੀ ਹੋਣਗੀਆਂ ਉਹੋ ਦਿੱਤੇ ਜਾਣਗੇ।
12. ਜੇਕਰ ਪੰਜਾਬ ਯੂਨੀਵਰਸਿਟੀ ਵੱਲੋਂ ਨਿਸ਼ਚਤ ਮਿਤੀ ਤੱਕ ਕਿਸੇ ਕਲਾਸ ਦਾ ਨਤੀਜਾ ਨਾ ਨਿਕਲੇ ਤਾਂ ਵਿਦਿਆਰਥੀ ਨਤੀਜਾ ਨਿਕਲਣ ਤੋਂ 10 ਕੰਮਾਂ ਵਾਲੇ ਦਿਨਾਂ ਦੇ ਅੰਦਰ-ਅੰਦਰ ਦਾਖਲ ਕੀਤੇ ਜਾਣਗੇ । ਇਹ ਛੋਟ ਬਾਹਰਲੀ ਯੂਨੀਵਰਸਿਟੀ/ਬੋਰਡ ਦੇ ਵਿਦਿਆਰਥੀਆਂ ਲਈ ਨਹੀਂ ਹੋਵੇਗੀ ।
13. ਦਾਖਲਾ ਮਿਲ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਬਣਦੀ ਫੀਸ/ਫੰਡ 24 ਘੰਟਿਆਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੇ ਹੋਣਗੇ । ਅਜਿਹਾ ਨਾ ਹੋਣ ਤੇ ਉਸਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸਦੀ ਥਾਂ ਮੈਰਿਟ ਵਿੱਚ ਅਗਲੇ ਉਮੀਦਵਾਰ ਨੂੰ ਦਾਖਲ ਕਰ ਲਿਆ ਜਾਵੇਗਾ ।
14. ਬੀ,ਕਾਮ ਭਾਗ ਪਹਿਲਾ ਵਿੱਚ ਦਾਖਲਾ ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ ਦੁਆਰਾ ਨਿਰਧਾਰਿਤ ਸ਼ਰਤਾਂ ਅਨੁਸਾਰ ਕੀਤਾ ਜਾਵੇਗਾ ।
15. ਕਿਸੇ ਵੀ ਵਿਸ਼ੇ ਵਿੱਚ 10 ਤੋਂ ਘੱਟ ਵਿਦਿਆਰਥੀ ਹੋਣ ਦੀ ਸੂਰਤ ਵਿਚ ਵਿਸ਼ਾ ਸ਼ੁਰੂ ਨਹੀਂ ਕੀਤਾ ਜਾਵੇਗਾ।

## ਦਾਖ਼ਲੇ ਲਈ ਯੋਗਤਾਂ

1. ਬੀ.ਏ. ਭਾਗ ਪਹਿਲਾ :- ਉਮੀਦਵਾਰ ਨੇ +2 ਪਾਸ ਕੀਤੀ ਹੋਵੇ।
2. ਬੀ.ਐਸ.ਸੀ. ਭਾਗ ਪਹਿਲਾ :- ਉਮੀਦਵਾਰ ਨੇ 10+2 ਸਾਇੰਸ ਵਿਸ਼ਿਆਂ ਵਿਚ 40% ਅੰਕਾ ਨਾਲ ਪਾਸ ਕੀਤੀ ਹੋਵੇ।
3. ਐਮ.ਏ ਭਾਗ ਪਹਿਲਾ :- 10+2+3 ਸਕੀਮ ਸਬੰਧਤ ਵਿਸ਼ੇ ਵਿਚ ਘੱਟੋ-ਘੱਟ 45% ਜਾਂ ਕੁਲ ਜੋੜ ਵਿਚ 50% ਅੰਕ ਲਏ ਹੋਣ।
4. ਜੇ ਕਿਸੇ ਉਮੀਦਵਾਰ ਨੇ ਪੁਰਾਣੀ ਸਕੀਮ (14 ਸਾਲਾ ਕੋਰਸ) ਅਧੀਨ ਅਪ੍ਰੈਲ 1995 ਤੱਕ ਪਹਿਲਾਂ ਡਿਗਰੀ ਕੋਰਸ ਪਾਸ ਕੀਤਾ ਹੋਵੇਗਾ, ਨੂੰ ਦਾਖਲਾ ਮੰਤਵ ਲਈ 10+2+3 ਦੇ ਬਰਾਬਰ ਗਿਣਿਆ ਜਾਵੇਗਾ।

☞ **ਨੋਟ:- (1) ਬੀ.ਏ / ਬੀ.ਐਸ.ਸੀ. / ਬੀ.ਕਾਮ ਅਤੇ ਐਮ.ਏ. ਕਲਾਸਾ ਵਿਚ ਗੈਪ, ਫੇਲ ਅਤੇ ਡੀਟੇਂਡ ਕੇਸ ਦਾਖਲ ਨਹੀਂ ਕੀਤੇ ਜਾਣਗੇ।**

## ਬੀ.ਏ. (ਭਾਗ ਪਹਿਲਾ)

**ਕੁੱਲ ਸੀਟਾਂ-400**

### ਲਾਜ਼ਮੀ ਵਿਸ਼ਾ

1. ਪੰਜਾਬੀ (ਲਾਜ਼ਮੀ)
   (ਜਿਹੜੇ ਵਿਦਿਆਰਥੀ ਪੰਜਾਬ ਤੋਂ ਬਾਹਰੋਂ ਹਨ ਜਾਂ ਜਿੰਨ੍ਹਾ ਨੇ ਮੈਟ੍ਰਿਕ ਵਿੱਚ ਪੰਜਾਬੀ ਵਿਸ਼ਾ ਨਹੀਂ ਪੜ੍ਹਿਆ ਹੈ। ਉਨ੍ਹਾਂ ਲਈ ਹਿਸਟਰੀ ਐਂਡ ਕਲਚਰ ਆਫ ਪੰਜਾਬ)
2. ਅੰਗਰੇਜ਼ੀ (ਲਾਜ਼ਮੀ)
3. ਵਾਤਾਵਰਨ (Environmental Education) ਸਿੱਖਿਆ (ਲਾਜ਼ਮੀ)

### ਚੋਣਵੇਂ ਵਿਸ਼ੇ

☞ **ਨੋਟ: -** ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਹੇਠ ਲਿਖੇ ਵਿਸ਼ਿਆਂ ਵਿੱਚੋ ਕੋਈ ਤਿੰਨ ਵਿਸ਼ੇ ਲਵੇਗਾ।

1. ਪੰਜਾਬੀ/ਹਿੰਦੀ/ਸੰਸਕ੍ਰਿਤ
2. ਅਰਥ ਸ਼ਾਸਤਰ/ਸਰੀਰਕ ਸਿੱਖਿਆ
3. ਗਣਿਤ/ਇਤਿਹਾਸ
4. ਰਾਜਨੀਤੀ ਸ਼ਾਸਤਰ/ਗਣਿਤ
5. ਗਣਿਤ
6. ਗਣਿਤ/ਸਰੀਰਕ ਸਿੱਖਿਆ
7. ਕੰਪਿਊਟਰ ਸਾਇੰਸ
8. ਸੰਸਕ੍ਰਿਤ/ਸਰੀਰਕ ਸਿੱਖਿਆ

☞ **ਨੋਟ :-** 1.ਬੀ.ਏ. ਭਾਗ-I ਵਿੱਚ ਕਿਸੇ ਵੀ ਵਿਸ਼ੇ ਵਿੱਚ ਸੰਖਿਆ ਵਧਣ ਨਾਲ ਵਿਦਿਆਰਥੀਆਂ ਨੂੰ ਉਹ ਵਿਸ਼ਾ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਹਰ ਸੂਰਤ ਵਿੱਚ ਵਿਦਿਆਰਥੀਆਂ ਨੂੰ ਕੇਵਲ ਉਹੋ ਵਿਸ਼ਾ/ਗਰੁਪ ਲੈਣੇ ਹੋਣਗੇ ਜੋ ਕਾਲਜ ਪ੍ਰਾਸਪੈਕਟਸ ਵਿੱਚ ਪ੍ਰਵਾਨਿਤ ਹਨ ਜਾਂ ਦਾਖ਼ਲਾ ਕਮੇਟੀ ਵੱਲੋਂ ਦਿੱਤੇ ਜਾਣਗੇ।

2. ਬੀ.ਏ. ਭਾਗ ਦੂਜਾ ਅਤੇ ਤੀਜਾ ਵਿੱਚ ਉਹੀ ਵਿਸ਼ੇ ਰਹਿਣਗੇ ਜਿਹੜੇ ਬੀ.ਏ. ਭਾਗ ਪਹਿਲਾ ਵਿੱਚ ਪੜ੍ਹੇ ਹੋਣਗੇ। ਵਾਤਾਵਰਣ ਸਿਖਿਆ ਦਾ ਵਿਸ਼ਾ ਸਿਰਫ ਬੀ.ਏ.-1 ਵਿਚ ਹੀ ਪੜ੍ਹਾਇਆ ਜਾਵੇਗਾ।

☞ **ਨੋਟ :-** ਸਰੀਰਕ ਸਿੱਖਿਆ ਵਿਸ਼ੇ ਵਿਚ ਕੁੱਲ 80 ਸੀਟਾਂ ਹਨ।

☞ **ਨੋਟ :- ਬੀ.ਏ. ਭਾਗ ਪਹਿਲਾ ਵਿਚ ਕੰਪਿਊਟਰ ਸਾਇੰਸ ਵਿਸ਼ਾ ਉਹੀ ਵਿਦਿਆਰਥੀ ਲੈ ਸਕਦਾ ਹੈ ਜਿਸ ਨੇ 10+2 ਵਿਚ ਇਕਨਾਮਿਕਸ ਜਾਂ ਮੈਥ ਜਾ ਕਾਮਰਸ ਜਾਂ ਸਾਇੰਸ ਵਿਸ਼ਾ ਪਾਸ ਕੀਤਾ ਹੋਵੇ।**

## ਬੀ . ਐਸ . ਸੀ . (ਭਾਗ ਪਹਿਲਾ)

**ਕੁੱਲ ਸੀਟਾਂ-80 (ਨਾਨ ਮੈਡੀਕਲ)**

**80 (ਮੈਡੀਕਲ)**

**ਮੈਡੀਕਲ**

1. ਰਸਾਇਣ ਵਿਗਿਆਨ (ਕੈਮਿਸਟਰੀ)
2. ਪ੍ਰਾਣੀ ਵਿਗਿਆਨ (ਜੁਔਲੌਜੀ)
3. ਬਨਸਪਤੀ ਵਿਗਿਆਨ (ਬੌਟਨੀ)
4. ਪੰਜਾਬੀ(ਲਾਜ਼ਮੀ)/ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ
5. ਵਾਤਾਵਰਨ ਸਿੱਖਿਆ (ਲਾਜ਼ਮੀ)

**ਨਾਨ-ਮੈਡੀਕਲ**

1. ਰਸਾਇਣ ਵਿਗਿਆਨ/ਕੰਪਿਊਟਰ ਸਾਇੰਸ
2. ਭੌਤਿਕ ਵਿਗਿਆਨ (ਫਿਜ਼ਿਕਸ)
3. ਗਣਿਤ (ਮੈਥੇ-ਮੈਟਿਕਸ)
4. ਪੰਜਾਬੀ ਲਾਜ਼ਮੀ/ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ
5. ਵਾਤਾਵਰਨ ਸਿੱਖਿਆ (ਲਾਜ਼ਮੀ) (ਇਨਵਾਇਰਨਮੈਂਟਲ ਐਜੂਕੇਸ਼ਨ)

☞ **ਨੋਟ:—(1) ਬੀ. ਐਸ. ਸੀ. ਭਾਗ ਪਹਿਲੇ ਵਿੱਚ ਦਾਖਲਾ ਲੈਣ ਦੀ ਘੱਟੋ ਘੱਟ ਯੋਗਤਾ 10+2 ਪ੍ਰੀਖਿਆ ਵਿਚੋ 40% ਅੰਕ ਹਨ**

## ਬੀ .ਐਸ .ਸੀ . (ਭਾਗ ਦੂਜਾ)

**ਚੋਣਵੇਂ ਵਿਸ਼ੇ**

ਚੋਣਵੇਂ ਵਿਸ਼ੇ ਬੀ. ਐਸ. ਸੀ. ਭਾਗ ਪਹਿਲਾ ਵਾਲੇ ਹੀ ਹੋਣਗੇ ਇਸ ਤੋਂ ਇਲਾਵਾ ਅੰਗਰੇਜ਼ੀ ਲਾਜ਼ਮੀ ਦਾ ਵਿਸ਼ਾ ਜ਼ਰੂਰੀ ਹੋਵੇਗਾ

## ਬੀ .ਐਸ .ਸੀ . (ਭਾਗ ਤੀਜਾ)

**ਚੋਣਵੇਂ ਵਿਸ਼ੇ** - ਚੋਣਵੇ ਵਿਸ਼ੇ ਬੀ. ਐਸ. ਸੀ. ਭਾਗ ਦੂਜਾ ਵਾਲੇ ਹੀ ਹੋਣਗੇ।

## ਬੀ .ਕਾਮ .

ਕੁੱਲ ਸੀਟਾਂ 70

**ਸਮੈਸਟਰ ਪਹਿਲਾ, ਦੂਜਾ, ਤੀਜਾ ਚੌਥਾ, ਪੰਜਵਾਂ ਅਤੇ ਛੇਵਾਂ ਦੇ ਵਿਸ਼ਿਆਂ ਬਾਰੇ ਪੰਜਾਬ ਯੂਨੀਵਰਸਿਟੀ ਦਾ ਸਿਲੇਬਸ ਵੇਖੋ।**

☞ **ਨੋਟ :-** (1) **ਵਾਤਾਵਰਨ ਵਿਸ਼ਾ ਕੇਵਲ ਬੀ.ਏ. / ਬੀ. ਐਸ. ਸੀ / ਬੀ. ਕਾਮ. ਭਾਗ ਪਹਿਲਾ ਵਿੱਚ ਹੀ ਪੜ੍ਹਾਇਆ ਜਾਵੇਗਾ ਪਰ ਇਸਦਾ ਇਮਤਿਹਾਨ ਵਿਦਿਆਰਥੀ ਡਿਗਰੀ ਕੋਰਸ ਦਰਮਿਆਨ ਕਿਸੇ ਸਾਲ ਵੀ ਦੇ ਸਕਦਾ ਹੈ। ਇਹ ਵਿਸ਼ਾ ਪਾਸ ਕਰਨ ਦੀ ਸੂਰਤ ਵਿੱਚ ਹੀ ਉਸ ਨੂੰ ਡਿਗਰੀ ਮਿਲ ਸਕੇਗੀ।**

# ਐਮ .ਏ . ਪੰਜਾਬੀ

ਕੁੱਲ ਸੀਟਾਂ 60

**ਐਮ.ਏ ਪੰਜਾਬੀ ਸਮੈਸਟਰ - ਪਹਿਲਾ**

ਪਰਚਾ ਪਹਿਲਾਂ : ਮੱਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ ( MPS )
ਪਰਚਾ ਦੂਜਾ : ਸਾਹਿਤ ਸਿਧਾਂਤ, ਸਨਾਤਨੀ ਕਾਵਿ ਸ਼ਾਸਤਰ ਅਤੇ ਪੰਜਾਬੀ ਆਲੋਚਨਾ ( SSP )
ਪਰਚਾ ਤੀਜਾ : ਆਪਸ਼ਨ ( ii ) ਗੁਰਮਤਿ ਅਤੇ ਸੂਫ਼ੀ ਕਾਵਿ ( GSK )
ਪਰਚਾ ਚੌਥਾ : ਆਪਸ਼ਨ ( ii ) ਪੰਜਾਬੀ ਕਹਾਣੀ ਦਾ ਅਧਿਐਨ ( PKA )

**ਐਮ.ਏ ਪੰਜਾਬੀ ਸਮੈਸਟਰ - ਦੂਜਾ**

ਪਰਚਾ ਪੰਜਵਾਂ : ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ ( APS )
ਪਰਚਾ ਛੇਵਾਂ : ਆਧੁਨਿਕ ਪੱਛਮੀ ਕਾਵਿ ਸ਼ਾਸਤਰ ਅਤੇ ਵਿਹਾਰਕ ਆਲੋਚਨਾ ( PKS )
ਪਰਚਾ ਸੱਤਵਾਂ : ਆਪਸ਼ਨ ( ii ) ਸੂਫ਼ੀ, ਕਿੱਸਾ ਅਤੇ ਬੀਰ ਕਾਵਿ ( SKB )
ਪਰਚਾ ਅੱਠਵਾਂ : ਆਪਸ਼ਨ ( i ) ਪੰਜਾਬੀ ਨਾਵਲ ਦਾ ਅਧਿਐਨ ( PNA )

**ਐਮ.ਏ ਪੰਜਾਬੀ ਸਮੈਸਟਰ - ਤੀਜਾ**

ਪਰਚਾ ਨੌਵਾਂ : ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ ( BVP )
ਪਰਚਾ ਦਸਵਾਂ : ਸੱਭਿਆਚਾਰ, ਲੋਕਧਾਰਾ ਅਤੇ ਪੰਜਾਬੀ ਸੱਭਿਆਚਾਰ ( PLS )
ਪਰਚਾ ਗਿਆਰਵਾਂ : ਆਪਸ਼ਨ ( i ) ਆਧੁਨਿਕ ਪੰਜਾਬੀ ਕਵਿਤਾ – I ( APK )
ਪਰਚਾ ਬਾਹਰਵਾਂ : ਆਪਸ਼ਨ ( i ) ਪੰਜਾਬੀ ਨਾਟਕ ਅਤੇ ਰੰਗਮੰਚ ਦਾ ਅਧਿਐਨ – I ( PNR )

**ਐਮ.ਏ ਪੰਜਾਬੀ ਸਮੈਸਟਰ - ਚੌਥਾ**

ਪਰਚਾ ਤੇਰਵਾਂ : ਭਾਸ਼ਾ ਵਿਗਿਆਨ,ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ( BPG )
ਪਰਚਾ ਚੌਦਵਾਂ : ਪੰਜਾਬੀ ਲੋਕਧਾਰਾ ਅਤੇ ਲੋਕ ਸਾਹਿਤ ( PLS )
ਪਰਚਾ ਪੰਦਰਵਾਂ : ਆਪਸ਼ਨ ( i ) ਆਧੁਨਿਕ ਪੰਜਾਬੀ ਕਵਿਤਾ-II ( APK )
ਪਰਚਾ ਸੋਲਵਾਂ : ਆਪਸ਼ਨ ( i ) ਪੰਜਾਬੀ ਨਾਟਕ ਅਤੇ ਰੰਗਮੰਚ ਦਾ ਅਧਿਐਨ – II ( PNR )

# ਐਮ .ਏ . ਹਿੰਦੀ

ਕੁੱਲ ਸੀਟਾਂ-60

**M.A. हिंदी समेस्टर – प्रथम**

**प्रथम पत्र**–हिन्दी साहित्य का इतिहास (HSI)
**द्वितीय पत्र**–आधुनिक हिन्दी कविता (MHK)
**तृतीय पत्र**–आधुनिक गद्य साहित्य (AGS)
**चतुर्थ पत्र**–समीक्षा के सिद्धान्त (NBN)

**M.A हिंदी समेस्टर - द्वितीय**

पेपर प्रथम : हिंदी साहित्य का आधुनिक काल
पेपर द्वितीय : आधुनिक हिंदी काव्य
पेपर तृतीय : आधुनिक हिंदी गद्य साहित्य
पेपर चतुर्थ : पाशचातय काव्यशास्त्र एवं समकालीन आलोचना सिद्धांत

**M.A. हिंदी समेस्टर – तृतीय**

**प्रथम पत्र** – भाषा विज्ञान (BHV)
**द्वितीय पत्र** – मध्यकालीन हिन्दी कविता
**तृतीय पत्र** – विशेष अध्ययन विकल्प
**चतुर्थ पत्र** – नव्यतर विधाएं एवं निबन्ध लेखन

**M.A हिंदी समेस्टर - चतुर्थ**

पेपर प्रथम : भाषा विज्ञान एवं हिंदी भाषा का अध्ययन
पेपर द्वितीय : प्राचीन एवं मध्यकालीन काव्य
पेपर तृतीय : हिंदी नाटक विकल्प – 4
पेपर चतुर्थ : भारतीय साहित्य

ਨੋਟ :- (1) ਪੋਸਟ ਗ੍ਰੈਜੂਏਟ ਕਲਾਸਾਂ ਵਿੱਚ ਸਮੈਸਟਰ ਸਿਸਟਮ ਦਾ ਸ਼ਡਿਊਲ ਲਾਗੂ ਹੋਵੇਗਾ। ਜਿਸ ਦਾ ਤਰੀਕ ਵਾਰ ਵੇਰਵਾ ਅੱਗੇ ਛਾਪਿਆ ਗਿਆ ਹੈ। ਸਮੈਸਟਰ ਸਿਸਟਮ ਦੇ ਚਾਲੂ ਰਹਿਣ ਜਾਂ ਨਾ ਰਹਿਣ ਵਾਰੇ ਸੂਚਨਾ ਯੂਨੀਵਰਸਿਟੀ ਦੀਆਂ ਹਦਾਇਤਾਂ ਮੁਤਾਬਕ ਦਿੱਤੀ ਜਾਵੇਗੀ।
(2) ਦੂਜੀਆਂ ਯੂਨੀਵਰਸਿਟੀਆਂ ਤੋਂ ਮਾਈਗਰੇਸ਼ਨ ਕਰਵਾ ਕੇ ਆਏ ਵਿਦਿਆਰਥੀ ਦਾਖਲੇ ਸਮੇਂ ਮਾਈਗਰੇਸ਼ਨ ਦੇ ਅਸਲ ਸਰਟੀਫਿਕੇਟ ਨਾਲ ਜਮ੍ਹਾਂ ਕਰਵਾਉਣਗੇ ਅਤੇ ਪਿਛਲੀ ਕਲਾਸ ਦੇ ਅਸਲ ਸਰਟੀਫਿਕੇਟ ਵੀ ਜਮ੍ਹਾਂ ਕਰਵਾਉਣਗੇ।

## ਬੀ. ਕਾਮ. (ਭਾਗ ਪਹਿਲਾ) ਲਈ +2 ਦੀ ਅੰਗਰੇਜ਼ੀ

ਜਿਹੜਾ ਉਮੀਦਵਾਰ ਬੀ.ਕਾਮ. ਭਾਗ ਪਹਿਲਾ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ, ਉਸ ਲਈ +2 ਇਮਿਤਿਹਾਨ ਦਾ ਅੰਗਰੇਜ਼ੀ ਵਿਸ਼ਾ ਪਾਸ ਹੋਣਾ ਜ਼ਰੂਰੀ ਹੈ। ਅਜਿਹੇ ਕੇਸ, ਜਿਥੇ ਭਾਰਤ ਵਿਚਲੇ ਕਿਸੇ ਬੋਰਡ/ਕੌਂਸਲ/ਬਾਡੀ/ਯੂਨੀਵਰਸਿਟੀ ਵਲੋਂ ਨਿਯਮਾਂ ਅਨੁਸਾਰ +2 ਕਰਨ ਲਈ ਅੰਗਰੇਜ਼ੀ ਪਾਸ ਹੋਣਾ ਲੋੜੀਂਦਾ ਨਹੀਂ ਹੈ ਦੇ ਉਮੀਦਵਾਰ ਨੂੰ ਪ੍ਰੋਵਿਜ਼ਨਲ-ਦਾਖਲ ਕੀਤਾ ਜਾਵੇਗਾ ਅਤੇ ਅੰਗਰੇਜ਼ੀ ਨੂੰ ਇਕ ਘਾਟ ਵਾਲੇ ਵਿਸ਼ੇ ਵਜੋਂ ਦਾਖਲੇ ਉਪਰੰਤ ਦੋ ਲਗਾਤਾਰ ਇਮਿਤਿਹਾਨ ਦੇ ਦੌਰਾਨ ਪਾਸ ਕਰਨਾ ਪਵੇਗਾ।

## ਬੀ. ਏ. /ਬੀ. ਐਸ. ਸੀ/ਬੀ. ਕਾਮ ਭਾਗ ਪਹਿਲਾ ਦੇ ਦਾਖਲੇ ਲਈ +2 ਇਮਿਤਿਹਾਨ ਦੇ ਕੰਪਾਰਮੈਂਟ ਵਾਲੇ ਉਮੀਦਵਾਰ

ਕਿਸੇ ਬੋਰਡ/ਬਾਡੀ/ ਕੌਂਸਲ/ਯੂਨੀਵਰਸਿਟੀ ਵਲੋਂ ਆਯੋਜਤ +2 ਇਮਤਿਹਾਨ ਦੇ ਕਿਸੇ ਇਕ ਵਿਸ਼ੇ ਵਿਚੋਂ ਕੰਪਾਰਮੈਂਟ ਹੋਵੇਗੀ, ਉਹ ਦਾਖਲੇ ਲਈ ਯੋਗ ਹੋਣਗੇ ਬਸ਼ਰਤੇ-

1. ਬੀ.ਏ. ਭਾਗ ਪਹਿਲਾਂ ਵਿੱਚ ਦਾਖਲਾ ਲੈਣ ਲਈ ਉਮੀਦਵਾਰ ਨੇ +2 ਦੇ ਇਮਤਿਹਾਨ ਵਿੱਚੋਂ ਕੰਪਾਰਮੈਂਟ ਦੇ ਵਿਸ਼ੇ ਵਿੱਚ ਘੱਟੋ-ਘੱਟ 20% (ਥਿਊਰੀ ਅਤੇ ਪ੍ਰੈਕਟੀਕਲ ਮਿਲਾਕੇ) ਅਤੇ ਸਾਰੇ ਵਿਸ਼ਿਆਂ (ਥਿਊਰੀ ਅਤੇ ਪ੍ਰੈਕਟੀਕਲ ਦੋਵਾਂ) ਵਿੱਚੋਂ ਘੱਟੋ ਘੱਟ 33% ਅੰਕ ਪ੍ਰਾਪਤ ਕੀਤੇ ਹੋਣ।

2. ਬੀ.ਐਸ. ਸੀ. (ਭਾਗ ਪਹਿਲਾ) ਵਿਚ ਦਾਖਲਾ ਲੈਣ ਲਈ ਉਮੀਦਵਾਰ ਨੇ 10+2 ਦੇ ਇਮਤਿਹਾਨ ਵਿਚੋਂ ਕੰਪਾਰਟਮੈਂਟ ਵਾਲੇ ਵਿਸ਼ੇ ਵਿੱਚ ਘੱਟੋ-ਘੱਟ 20% ( ਥਿਊਰੀ ਅਤੇ ਪ੍ਰੈਕਟੀਕਲ ਮਿਲਾ ਕੇ) ਅਤੇ ਸਾਰੇ ਵਿਸ਼ਿਆਂ (ਥਿਊਰੀ ਅਤੇ ਪ੍ਰੈਕਟੀਕਲ) ਵਿਚੋਂ ਘੱਟੋ ਘੱਟ 40% ਅੰਕ ਪ੍ਰਾਪਤ ਕੀਤੇ ਹੋਣ।

3. ਬੀ.ਕਾਮ. ਭਾਗ ਪਹਿਲਾ ਵਿੱਚ ਦਾਖਲਾ ਲੈਣ ਲਈ ਉਮੀਦਵਾਰ ਨੇ +2 ਇਮਤਿਹਾਨ ਵਿੱਚੋ ਕੰਪਾਰਮੈਂਟ ਦੇ ਵਿਸ਼ੇ ਸਮੇਤ ਨਿਮਨ ਲਿਖਤ ਅੰਕ ਪ੍ਰਾਪਤ ਕੀਤੇ ਹੋਣ।

(ੳ) +2 ਕਮਰਸ ਗਰੁੱਪ ਨਾਲ ਘੱਟੋ-ਘੱਟ 40% ਅੰਕ ਕੁਲ ਜੋੜ ਵਿੱਚੋ।

(ਅ) +2 ਕੋਈ ਵੀ ਗਰੁੱਪ (ਕਾਮਰਸ ਗਰੁੱਪ ਤੋਂ ਬਗੈਰ) ਨਿਮਨ ਲਿਖਿਤ ਇਕ ਜਾਂ ਜਿਆਦਾ ਵਿਸ਼ਿਆਂ ਸਮੇਤ–ਕਾਮਰਸ ਅਕਾਉਂਟੇਂਸੀ, ਇਕਨਾਮਿਕਸ, ਬਿਜਨਸ ਆਰਗੇਨਾਈਜ਼ੇਸਨ ਐਂਡ ਮੈਨੇਜਮੈਂਟ ਬੁੱਕ ਕੀਪਿੰਗ ਐਂਡ ਅਕਾਉਂਟੇਂਸੀ।

'ਅ' ਵਰਗ ਨਾਲ ਸੰਬੰਧਤ ਉਮੀਦਵਾਰਾਂ ਦੀ ਪਾਤਰਤਾ ਨਿਮਨ ਲਿਖਤ ਅਨੁਸਾਰ ਹੋਵੇਗੀ-

1. ਜਿਨ੍ਹਾਂ ਦੇ ਉਪਰ ਦੱਸਿਆਂ ਵਿਚੋਂ ਤਿੰਨ ਵਿਸ਼ੇ ਪਾਸ ਕੀਤੇ ਹੋਣਗੇ 45% ਕੁਲ ਜੋੜ ਵਿਚੋਂ
2. ਜਿਨ੍ਹਾਂ ਦੇ ਉਪਰ ਦੱਸਿਆਂ ਵਿਚੋਂ ਦੋ ਵਿਸ਼ੇ ਪਾਸ ਕੀਤੇ ਹੋਣਗੇ 50% ਕੁਲ ਜੋੜ ਵਿਚੋਂ
3. ਜਿਨ੍ਹਾਂ ਦੇ ਉਪਰ ਦੱਸਿਆਂ ਵਿਚੋਂ ਇੱਕ ਵਿਸ਼ੇ ਪਾਸ ਕੀਤੇ ਹੋਣਗੇ 55% ਕੁਲ ਜੋੜ ਵਿਚੋਂ

(ੲ) +2 ਇਮਤਿਹਾਨ ਦੇ ਕਿਸੇ ਵੀ ਗਰੁੱਪ (ਕਾਮਰਸ ਤੋਂ ਬਿਨਾਂ) ਹਿਊਮਨਟੀਜ਼ ਸਮੇਤ ਨਾਲ ਸੰਬੰਧਤ ਦੀ ਸੂਰਤ ਵਿੱਚ 60% ਅੰਕ ਪ੍ਰਾਪਤ ਕੀਤੇ ਹੋਣ

4. 10+2 ਵਿੱਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀ 10+2 ਦੇ ਅਸਲ ਸਰਟੀਫਿਕੇਟ ਦਾਖਲੇ ਵੇਲੇ ਜਮ੍ਹਾਂ ਕਰਵਾਉਣਗੇ।

☞ **ਨੋਟ : - ਕਾਮਰਸ ਗਰੁੱਪਾਂ ਦੀ +2 ਪੱਧਰ ਦੇ ਸਟੇਟ ਤੋਂ ਸਟੇਟ ਅਤੇ ਬੋਰਡ ਤੋਂ ਬੋਰਡ ਦੀ ਇਕਸਾਰਤਾ ਨਹੀਂ ਹੈ। ਜਿੱਥੇ ਨੰਬਰ ਸਰਟੀਫੀਕੇਟ ਉਪਰ +2 ਕਾਮਰਸ ਗਰੁੱਪ ਦਰਸਾਇਆ ਨਹੀਂ ਹੋਵੇਗਾ, ਉਥੇ ਬੀ. ਕਾਮ. ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹਾਇਰ ਸੈਕੰਡਰੀ ਬੋਰਡ ਜਾਂ ਸਕੂਲ/ਕਾਲਜ ਤੋਂ ਸਰਟੀਫਿਕੇਟ ਪ੍ਰਾਪਤ ਕਰੇ ਜਿਥੇ ਉਸ ਨੇ +2 ਇਮਤਿਹਾਨ ਪਾਸ ਕੀਤਾ ਹੋਵੇ ਅਤੇ +2 ਕਾਮਰਸ ਗਰੁੱਪ ਦੀ ਚੋਣ ਕੀਤੀ ਹੋਵੇ-ਅਜਿਹਾ ਕਰਨ ਦੀ ਸੂਰਤ ਵਿੱਚ ਪੜ੍ਹੇ ਵਿਸ਼ਿਆ ਨੂੰ ਦਰਸਾਇਆ ਜਾਵੇ।**

## ਓਪਨ ਸਕੂਲ ਦੇ +2 ਇਮਤਿਹਾਨ ਵਿੱਚੋਂ ਪਾਸ ਉਮੀਦਵਾਰ ਸੰਬੰਧੀ--

ਓਪਨ ਸਕੂਲ ਸੀ. ਬੀ. ਐਸ. ਸੀ., ਨਵੀਂ ਦਿੱਲੀ/ਨੈਸ਼ਨਲ ਓਪਨ ਸਕੂਲ ਨਵੀਂ ਦਿੱਲੀ ਦੇ ਜਿਨ੍ਹਾਂ ਵਿਦਿਆਰਥੀਆਂ ਨੇ +2 ਇਮਤਿਹਾਨ ਪਾਸ ਕਰ ਲਿਆ ਹੈ, ਉਹ ਬੀ.ਏ./ਬੀ.ਕਾਮ. (ਭਾਗ ਪਹਿਲਾ) ਵਿੱਚ ਦਾਖਲੇ ਦੇ ਯੋਗ ਹੋਣਗੇ, ਜੇ ਉਨ੍ਹਾਂ ਨੂੰ ਉਪਰ ਵਰਣਿਤ ਸੰਸਥਾਵਾ ਵਲੋਂ ਪਾਸ ਐਲਾਨੇ ਜਾਣ ਦੇ ਸਰਟੀਫਿਕੇਟ ਜਾਰੀ ਹੋ ਗਏ ਹੋਣਗੇ ਅਤੇ ਉਹ ਲੋੜੀਂਦੀਆਂ ਨਿਰਧਾਰਤ ਯੋਗਤਾਵਾਂ, ਅੰਕ ਪ੍ਰਤਿਸ਼ਤਤਾ ਪੂਰੀ ਕਰਦੇ ਹੋਣਗੇ। ਜੇ ਉਹਨਾਂ ਦਾ ਨਤੀਜਾ ਸੰਬੰਧਤ ਸਰਟੀਫਿਕੇਟ ਦੇ ਕਾਲਿਮ ਵਿੱਚ ਐਲਾਨਿਆਂ ਨਹੀਂ ਗਿਆ ਹੋਵੇਗਾ ਤਾਂ ਉਹ ਅਪਾਤਰਤਾ ਕਰਕੇ ਦਾਖਲ ਨਹੀਂ ਕੀਤੇ ਜਾਣਗੇ।

## ਦੂਸਰੀਆਂ ਯੂਨੀਵਰਸਿਟੀਆਂ ਦੇ ਅਤੇ ਘਾਟ ਵਾਲੇ ਵਿਸ਼ੇ (Deficient Sujbect) ਨਾਲ ਸੰਬੰਧਤ ਉਮੀਦਵਾਰਾਂ ਸੰਬੰਧੀਂ

ਭਾਰਤ ਦੀ ਕਿਸੇ ਹੋਰ ਯੂਨੀਵਰਸਿਟੀ ਵਿੱਚੋਂ ਬੀ.ਏ./ਬੀ.ਐਸ.ਸੀ. ਭਾਗ ਪਹਿਲਾ/ਦੂਜਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀ ਇਸ ਯੂਨੀਵਰਸਿਟੀ ਵਿੱਚ ਮਾਈਗਰੇਟ ਹੋ ਸਕਦੇ ਹਨ। ਅਜਿਹਾ ਕਰਨ ਲਈ ਉਹਨਾਂ ਨੂੰ ਯੂਨੀਵਰਸਿਟੀ ਦੀਆਂ ਲੋੜੀਦੀਆਂ ਨਿਰਧਾਰਤ ਵਿਸ਼ੇ ਨਾਲ ਸੰਬੰਧਤ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ ਅਤੇ ਘਾਟ ਵਾਲਾ ਵਿਸ਼ਾ/ਵਿਸ਼ੇ ਪਾਸ ਕਰਨੇ ਹੋਣਗੇ ਜੋ ਕਿ ਦਾਖਲੇ ਸਮੇਂ ਪ੍ਰਿੰਸੀਪਲ ਵਲੋਂ ਧਿਆਨ ਵਿਚ ਲਿਆਂਦੇ ਹੋਣਗੇ। ਲੋੜੀਂਦੇ ਅਤੇ ਕੁਲ ਕ੍ਰੇਡਿਟ ਉਹੀ ਰਹਿਣਗੇ।

ਘਾਟ ਵਾਲਾ ਵਿਸ਼ਾ/ਵਿਸ਼ਿਆਂ ਨੂੰ ਵਿਦਿਆਰਥੀ ਵਲੋਂ ਪਾਸ ਕਰਨਾਂ ਜਰੂਰੀ ਹੈ। ਜੇ ਆਉਣ ਵਾਲੇ ਲਗਾਤਾਰ ਦੋ ਇਮਤਿਹਾਨਾਂ ਵਿਚ ਵਿਦਿਆਰਥੀ ਇਹਨਾਂ ਨੂੰ ਪਾਸ ਕਰਨ ਵਿੱਚ ਅਸਮਰਥ ਰਹਿੰਦਾ ਹੈ ਤਾਂ ਉਸਦਾ ਬੀ.ਏ/ਬੀ.ਐਸ.ਸੀ ਭਾਗ ਦੂਜਾ/ਤੀਜਾ ਦਾ ਦਾਖਲਾ ਰੱਦ ਹੋ ਜਾਵੇਗਾ।

ਤੀਸਰੇ ਸਾਲ ਦਾ ਇਮਤਿਹਾਨ ਪਾਸ ਕਰਨ ਉਪਰੰਤ ਹੋਰ ਯੂਨੀਵਰਸਿਟੀ ਦੇ ਭਾਗ ਪਹਿਲਾ/ਦੂਜਾ ਦੇ ਅੰਕ ਵਿਦਿਆਰਥੀ ਦੇ ਦਰਜੇ ਅਤੇ ਪ੍ਰਾਪਤ ਅੰਕਾਂ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਗਿਣੇ ਜਾਣਗੇ।

## ਬੀ. ਕਾਮ. ਦੂਜਾ ਜਨਰਲ/ਆਨਰਜ਼ ਵਿੱਚ ਦਾਖਲਾ ਨਿਮਨ ਲਿਖਤ ਨਿਯਮਾ ਦੇ ਅਨੁਸਾਰ ਹੋਵੇਗਾ

ਉਹੀ ਵਿਅਕਤੀ ਜਿਸ ਨੇ ਹੇਠਾਂ ਲਿਖਿਆ ਇਮਤਿਹਾਨ ਪਾਸ ਕੀਤਾ ਹੋਵੇਗਾ, ਉਹ ਭਾਗ ਦੂਜਾ ਅਤੇ ਤੀਜਾ ਵਿਚ ਦਾਖਲੇ ਲਈ ਯੋਗ ਹੋਵੇਗਾ ਜਿਸਨੇ–

(ੳ) ਯੂਨੀਵਰਸਿਟੀ ਤੋਂ ਬੀ.ਕਾਮ. ਭਾਗ ਪਹਿਲਾ (ਜਨਰਲ/ਆਨਰਜ਼) ਪਾਸ ਕੀਤਾ ਹੋਵੇਗਾ।

(ਅ) 10+2+3 ਪ੍ਰਣਾਲੀ ਅਧੀਨ ਜਿਸ ਨੇ ਇਸ ਯੂਨੀਵਰਸਿਟੀ ਵਾਲੇ ਪੇਪਰ ਵਿਸ਼ਿਆ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅਮ੍ਰਿਤਸਰ) ਜਾਂ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਜਾਂ ਮਹਾਂਰਿਸ਼ੀ ਦਯਾਨੰਦ ਯੂਨੀਵਰਸਿਟੀ (ਰੋਹਤਕ) ਤੋਂ ਬੀ.ਕਾਮ ਭਾਗ ਪਹਿਲਾ ਦੂਜਾ ਪਾਸ ਕੀਤਾ ਹੋਵੇਗਾ। ਘਾਟ ਵਾਲੇ ਵਿਸ਼ਿਆਂ/ਕੋਰਸਾਂ ਦੇ ਸੰਬੰਧ ਵਿੱਚ ਇਹ ਅਗਲੇ ਲਗਾਤਾਰਦੋ ਇਮਤਿਹਾਨਾਂ ਦੌਰਾਨ ਪਾਸ ਕਰਨੇ ਹੋਣਗੇ ਜੇ ਵਿਦਿਆਰਥੀ ਅਜਿਹਾ ਕਰਨ ਵਿਚ ਅਸਫ਼ਲ ਰਹਿੰਦਾ ਹੈ ਤਾਂ ਬੀ. ਕਾਮ ਭਾਗ ਦੂਜਾ ਜਾਂ ਤੀਜਾ (ਜਿਹੜੀ ਵੀ ਹੋਵੇ) ਦਾ ਦਾਖਲਾਇਮਤਿਹਾਨ ਰੱਦ ਹੋ ਜਾਵੇਗਾ।

ਬੀ. ਕਾਮ ਭਾਗ ਪਹਿਲਾ ਜਾ ਦੂਜਾਂ ਵਿੱਚ ਵਿਦਿਆਰਥੀ ਵਲੋਂ ਪ੍ਰਾਪਤ ਅੰਕ ਉਸਦੇ ਦਰਜੇ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਗਿਣੇ ਜਾਣਗੇ।

ਕਰਮਚਾਰੀ ਦੇ ਪੁੱਤਰ/ਧੀ ਜਿਸਨੇ ਬੀ.ਕਾਮ ਭਾਗ ਪਹਿਲਾ ਦੂਜਾ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤਾ ਹੈ। ਜਿਹੜਾ ਯੂਨੀਵਰਸਿਟੀ ਵਲੋਂ ਪ੍ਰਮਾਣਿਤ ਹੋਵੇਗਾ ਅਤੇ ਇਸ ਯੂਨੀਵਰਸਿਟੀ ਦੀ ਬੀ.ਕਾਮ. ਦੀ ਪ੍ਰੀਖਿਆ ਦੇ ਬਰਾਬਰ ਦਾ ਹੋਵੇਗਾ ਨੂੰ ਕਰਮਚਾਰੀ ਉਸਦੇ ਸਰਪ੍ਰਸਤ ਦੀ ਬਦਲੀ ਕਾਰਨ ਇਸ ਯੂਨੀਵਰਸਿਟੀ ਦੀ ਬੀ.ਕਾਮ ਭਾਗ ਦੂਜਾ/ਤੀਜਾ ਵਿੱਚ ਦਾਖਲ ਹੋਣ ਦੀ ਆਗਿਆ ਹੈ ਬਸ਼ਰਤੇ ਕਿ ਉਸਨੂੰ ਘਾਟ ਵਾਲਾ ਵਿਸ਼ਾ/ਪੇਪਰ, ਜੇਕਰ ਹੋਵੇ, ਆਉਣ ਵਾਲੇ ਦੋ ਲਗਾਤਾਰ ਇਮਤਿਹਾਨਾਂ ਵਿਚੋਂ ਪਾਸ ਕਰਨਾ ਪਵੇਗਾ। ਅਜਿਹਾ ਨਾਂ ਹੋਣ ਦੀ ਸੂਰਤ ਵਿੱਚ ਬੀ.ਕਾਮ ਭਾਗ ਦੂਜਾ/ਤੀਜਾ ਵਿੱਚ ਦਾਖਲਾ/ਇਮਤਿਹਾਨ ਰੱਦ ਹੋ ਜਾਵੇਗਾ।

(ੳ) **ਲੋਕਲ ਮਾਈਗ੍ਰੇਸ਼ਨ** (**Local Migration**) -- ਵਿਦਿਆਰਥੀ ਦੀ ਲੋਕਲ ਮਾਈਗ੍ਰੇਸ਼ਨ ਯੋਗ ਕਾਰਨਾਂ ਅਧੀਨ ਕੀਤੀ ਜਾ ਸਕਦੀ ਹੈ।

(ਅ) **ਮਿਡ-ਟਰਮ ਮਾਈਗ੍ਰੇਸ਼ਨ** (**Mid-Term Migration**) -- ਭਾਰਤ ਦੀ ਕਿਸੇ ਹੋਰ ਯੂਨੀਵਰਸਿਟੀ ਨਾਲ ਸੰਬੰਧਤ ਕਾਲਜ ਦੀ ਬੀ.ਏ./ਬੀ.ਐਸ.ਸੀ. ਭਾਗ ਪਹਿਲਾ/ਦੂਜਾ/ਤੀਜਾ (ਸਾਇੰਸ ਅਤੇ ਆਰਟਸ ਦੀ ਫੈਕਲਟੀ) ਨਾਲ ਸੰਬੰਧਤ ਵਿਦਿਆਰਥੀਆਂ ਦੀ ਮਿਡ-ਟਰਮ-ਮਾਈਗ੍ਰੇਸ਼ਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਨਾਲ ਸੰਬੰਧਤ ਕਾਲਜਾਂ ਵਿੱਚ ਕੀਤੀ ਜਾ ਸਕਦੀ ਹੈ ਬਸ਼ਰਤੇ ਕਿ ਵਿਦਿਆਰਥੀ No. 280 of P.U. Cal. Vol. III. 1990 ਉਪਰ ਪ੍ਰਕਾਸ਼ਤ ਲੋੜਾਂ ਨੂੰ ਪੂਰੀਆਂ ਕਰਦਾ ਹੋਵੇ।

## *ਹੋਰ ਯੂਨੀਵਰਸਿਟੀਆਂ ਦੇ ਕੰਪਾਰਮੈਂਟ ਵਾਲੇ ਉਮੀਦਵਾਰ*

ਹੋਰ ਕਿਸੇ ਵੀ ਯੂਨੀਵਰਸਿਟੀ ਦਾ ਵਿਦਿਆਰਥੀ, ਜਿਸ ਦੀ ਭਾਗ ਪਹਿਲਾ/ਦੂਜਾ ਵਿਚੋਂ ਕੰਪਾਰਮੈਂਟ ਹੋਵੇਗੀ ਨੂੰ ਇਸ ਯੂਨੀਵਰਸਿਟੀ ਵਿੱਚ ਭਾਗ ਦੂਜਾ ਅਤੇ ਤੀਜਾ ਵਿਚ ਦਾਖਲਾ ਲੈਣ ਦੀ ਆਗਿਆ ਨਹੀਂ ਹੋਵੇਗੀ।

## *ਪੰਜਾਬ ਯੂਨੀਵਰਸਿਟੀ ਦੇ ਕੰਪਾਰਮੈਂਟ ਵਾਲੇ ਉਮੀਦਵਾਰ*

ਇਸ ਯੂਨੀਵਰਸਿਟੀ ਦੇ ਕੰਪਾਰਮੈਂਟ ਵਾਲੇ ਵਿਦਿਆਰਥੀ ਸ਼ਰਤਾਂ ਅਧੀਨ ਉਚੇਰੀ ਸ਼੍ਰੇਣੀ ਵਿੱਚ ਦਾਖਲ ਹੋਣ ਦੇ ਯੋਗ ਹਨ। ਜੇ ਉਹ ਲਗਾਤਾਰ ਦੋ ਇਮਤਿਹਾਨਾਂ ਵਿੱਚ ਕੰਪਾਰਮੈਂਟ ਪਾਸ ਨਹੀਂ ਕਰਦੇ ਤਾਂ ਉਚੇਰੀ ਕਲਾਸ ਦਾ ਨਤੀਜਾ ਰੱਦ ਹੋ ਜਾਵੇਗਾ।

## *ਕੈਟਾਗਰੀ, ਕੈਟਾਗਰੀ ਕੋਡ ਅਤੇ ਰਾਖਵਾਂਕਰਨ*

ਪੰਜਾਬ ਸਰਕਾਰ ਦੇ ਨਿਰਦੇਸ ਅਨੁਸਾਰ ਨਵੀਆਂ ਕਲਾਸਾਂ ਵਿੱਚ ਦਾਖਲੇ ਲਈ ਹੇਠ ਲਿਖੇ ਵਰਗਾਂ ਲਈ ਰਾਖਵਾਂਕਰਨ ਇਸ ਪ੍ਰਕਾਰ ਹੋਵੇਗਾ (Code in Brackets) : -

* ਜਨਰਲ (Gen)

1. ਅਨੁਸੂਚਿਤ ਜਾਤੀਆਂ ਲਈ (SC)........................................25%
2. ਪਛੜੀਆਂ ਸ਼੍ਰੇਣੀਆਂ ਲਈ (BC)........................................10%
3. ਬਾਰਡਰ ਏਰੀਆ (BOA)/ਬੈਕਵਰਡ ਏਰੀਆ (BA)........................................2%
4. ਖਿਡਾਰੀਆਂ ਲਈ (SP) (ਡਾਇਰੈਕਟਰ, ਸਪੋਰਟਸ ਵਿਭਾਗ, ਪੰਜਾਬ ਦਾ ਗਰੇਡੇਸ਼ਨ ਸਰਟੀਫਿਕੇਟ ਨਾਲ ਲਗਾਓ.............2%
5. ਮਾਨਤਾ ਪ੍ਰਾਪਤ ਸਕੂਲ/ਕਾਲਜ/ਯੂਨੀਵਰਸਿਟੀ ਵਿਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ (TW)..................2%
   [ਉਮੀਦਵਾਰ ਦੇ ਮਾਤਾ ਪਿਤਾ ਵਲੋਂ ਸੰਸਥਾ (ਜਿੱਥੇ ਉਹ ਸੇਵਾ ਕਰਦੇ ਹਨ) ਦੇ ਮੁੱਖੀ ਪਾਸੋਂ ਜਾਰੀ ਕੀਤਾ ਸਰਟੀਫਿਕੇਟ, ਜੋ ਕਿ ਡੀ.ਈ.ਓ. ਵਲੋਂ ਪ੍ਰਤਿ-ਹਸਤਾਖਰ ਹੋਵੇ, (ਪ੍ਰਤਿ-ਹਸਤਾਖਰ ਦੀ ਸ਼ਰਤ ਕਾਲਜ/ ਯੂਨੀਵਰਸਿਟੀ ਅਧਿਆਪਕਾਂ ਦੇ ਬੱਚਿਆਂ ਲਈ ਨਹੀਂ ਹੋਵੇਗੀ) ਦੀ ਤਸਦੀਕੀ ਨਕਲ ਨਾਲ ਨੱਥੀ ਕੀ ਜਾਵੇ]
6. ਸੁਤੰਤਰਤਾ ਸੰਗਰਾਮੀਆਂ/ਕੂਕਾ ਲਹਿਰ/ਜੱਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੇ ਬੱਚਿਆ, ਪੋਤਿਆਂ, ਪੋਤੀਆਂ, ਦੋਹਤੇ, ਦੋਹਤੀਆਂ ਲਈ ਰਾਜਨੀਤਕ ਸਫਰਰ ਦੇ ਬੱਚਿਆਂ ਲਈ (FF)........................................2%
   (ਸਮਰੱਥ ਅਧਿਕਾਰੀ ਵਲੋਂ ਜਾਰੀ ਆਸ਼ਰਿਤ ਸਰਟੀਫਿਕੇਟ ਦੀ ਤਸਦੀਕੀ ਨਕਲ ਨਾਲ ਨੱਥੀ ਕੀਤਾ ਜਾਵੇ।)

7. ਸਰੀਰਕ ਤੌਰ ਤੇ ਅਪੰਗ/ਡਿਸਏਬਲਡ ਵਿਅਕਤੀਆਂ ਲਈ (40% ਤੋਂ ਵਧੇਰੇ ਅਪੰਗਤਾ ਵਾਲੇ ਉਮੀਦਵਾਰਾਂ ਲਈ)(PH)........3%
(1% ਅੰਨਾ, 1% ਗੂੰਗਾ ਅਤੇ ਬੋਲਾ, 1% ਹੋਰ ਅਪੰਗ)
8. 50% ਤੋਂ ਜ਼ਿਆਦਾ ਡਿਸਏਬਲਡ ਜਾਂ ਕਿਸੇ ਐਕਸ਼ਨ ਵਿੱਚ ਮਾਰੇ ਗਏ, ਬਾਹਦਰੀ ਪੁਰਸਕਾਰਿਤ ਡਿਫੈਂਸ ਪਰਸੋਨਲ ਦੀਆਂ ਵਿਧਵਾਵਾਂ/ਬੱਚਿਆਂ ਲਈ। ਐਕਸ ਸਰਵਿਸਮੈਨ, ਸੇਵਾ ਕਰਦੇ ਡਿਫੈਂਸ ਪਰਸੋਨਲ/ਐਕਸ ਸਰਵਿਸਮੈਨ ਦੇ ਬੱਚਿਆਂ ਲਈ (Ex S)........2%
(ਜ਼ਿਲ੍ਹਾ ਸੈਨਿਕ ਭਲਾਈ ਅਫਸਰ ਵਲੋਂ ਜਾਰੀ ਨਿਰਭਰਤਾ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਨਕਲ ਨੱਥੀ ਕੀਤੀ ਜਾਵੇ।)
ਦਾਖਲਾ ਹੋਣ ਦੀ ਸੂਰਤ ਵਿੱਚ ਮੂਲ ਸਰਟੀਫਿਕੇਟ ਦਫ਼ਤਰ ਦੀ ਲੋੜ ਅਨੁਸਾਰ ਮੰਗਿਆ ਜਾ ਸਕਦਾ ਹੈ।)
9. S.C/B.C Sports ਅਤੇ Physically Handicap ਅਧੀਨ ਦਾਖਲੇ ਕੇਵਲ ਪੰਜਾਬ ਦੇ ਵਸਨੀਕਾਂ ਲਈ ਹੋਣਗੇ I Panjab Domicile Certificate ਪੇਸ਼ ਕਰਨਾ ਪਵੇਗਾ।
10. *ਪੰਜਾਬ ਪੁਲੀਸ, ਪੀ.ਏ.ਪੀ. ਅਤੇ ਪੰਜਾਬ ਹੋਮ ਗਾਰਡਜ਼ ਦੇ ਜਵਾਨ ਜਿਹੜੇ ਕਿਸੇ ਐਕਸ਼ਨ ਵਿੱਚ 50% ਜਾਂ ਇਸ ਤੋਂ ਜ਼ਿਆਦਾ ਅਪੰਗ ਹੋ ਗਏ ਹੋਣ ਜਾਂ ਮਾਰੇ ਗਏ ਹੋਣ, ਦੀਆਂ ਵਿਧਵਾਵਾਂ ਅਤੇ ਬੱਚਿਆਂ ਲਈ, ਐਕਸ ਪੈਰਾ ਮਿਲਟਰੀ ਫੋਰਸਸ ਦੇ ਵਿਅਕਤੀਆਂ ਅਤੇ ਸੇਵਾ ਕਰ ਰਹੇ ਅਤੇ ਐਕਸ ਪੈਰਾ ਮਿਲਟਰੀ ਫੋਰਸਸ ਪਰਸੋਨਲ ਦੇ ਬੱਚਿਆਂ ਲਈ (PMF)........ 2%
11. *ਪੰਜਾਬ ਅਤੇ ਚੰਡੀਗੜ੍ਹ ਵਿੱਚ ਅੱਤਵਾਦ ਦੀ ਹਿੰਸਾ ਵਿੱਚ ਅਤੇ 1984 ਦੇ ਦੰਗਿਆਂ ਵਿਚ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤ ਬੱਚਿਆਂ ਲਈ (TE)........2%
12. *ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਲਈ........2%
13. *ਸੁਨਾਮੀ ਪੀੜਤਾਂ ਲਈ (TS)........1%
*ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਨਕਲ ਨਾਲ ਨੱਥੀ ਕੀਤੀ ਜਾਵੇ।
14. ਹਿਜ਼ਰਤ ਕਰਕੇ ਆਏ ਕਸ਼ਮੀਰੀ ਵਿਅਕਤੀਆਂ ਦੇ ਬੱਚਿਆਂ ਲਈ (KM)
ਪੰਜਾਬ ਯੂਨੀਵਰਸਿਟੀ ਦੇ ਪੱਤਰ ਨੰ. 4471-4670/ਮਿਸਲੇਨੀਅਸ/-6 ਮਿਤੀ 16-05-2002 ਅਨੁਸਾਰ ਹਿਜ਼ਰਤ ਕਰਕੇ ਆਏ ਕਸ਼ਮੀਰੀ ਵਿਅੱਕਤੀਆਂ ਦੇ ਬੱਚਿਆਂ ਦੇ ਦਾਖਲੇ ਲਈ ਅੰਡਰ-ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਨਿਰਧਾਰਿਤ ਸੀਟਾਂ ਤੋਂ 5% ਸੀਟਾਂ ਦੇ ਵਾਧੇ ਦੀ ਵਿਵਸਥਾ ਹੈ। ਇਹ ਸੀਟਾਂ ਪ੍ਰਤੀ ਕੋਰਸ ਵੱਧ ਤੋਂ ਵੱਧ 3 ਹੋ ਸਕਦੀਆਂ ਹਨ। ਘੱਟੋਂ-ਘੱਟ ਨਿਰਧਾਰਿਤ ਯੋਗਤਾ ਪੂਰੀ ਕਰਨ ਉਪਰੰਤ ਮੈਰਿਟ ਵਿੱਚ ਵਾਧਾ ਕਰਨ ਲਈ ਅਜਿਹੇ ਉਮੀਦਵਾਰ ਨੂੰ 5% ਅੰਕਾਂ ਦੀ ਵੇਟੇਜ ਦਿੱਤੀ ਜਾਵੇਗੀ। ਅਜਿਹੀ ਸਹੂਲਤ ਲੈਣ ਲਈ ਉਮੀਦਵਾਰ ਨੂੰ ਅਧਿਕਾਰਤ ਸਰਕਾਰੀ ਅਫ਼ਸਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਪੇਸ਼ ਕਰਨਾ ਪਵੇਗਾ।
15. ਜਿਨ੍ਹਾਂ ਮਾਪਿਆਂ ਦੀ ਇੱਕੋ-ਇੱਕ ਲੜਕੀ ਜਾਂ ਦੋ ਲੜਕੀਆਂ (with no male child) ਲਈ ਹਰ ਕੋਰਸ ਵਿੱਚ ਦਾਖਲੇ ਲਈ ਦੋ ਵਾਧੂ ਸੀਟਾਂ ਦੀ ਵਿਵਸਥਾ ਕੀਤੀ ਗਈ ਹੈ, ਬਸ਼ਰਤੇ ਕਿ ਉਹ ਨਿਰਧਾਰਿਤ ਯੋਗਤਾ ਸ਼ਰਤਾਂ ਪੂਰੀਆਂ ਕਰਦੀ ਹੋਵੇ, ਇਸ ਸੰਬੰਧੀ ਲੜਕੀ ਦੇ ਮਾਪਿਆਂ ਵਲੋਂ ਦੋ ਪੜਤਾਂ ਵਿੱਚ, 20 ਰੁਪਏ ਸਟੈਂਪ ਪੇਪਰ ਤੇ ਬਿਆਨ ਹਲਫ਼ੀਆ ਦੇਣਾ ਹੋਵੇਗਾ ਅਤੇ ਰਾਸ਼ਨ ਕਾਰਡ ਦੀ ਕਾਪੀ ਹਰ ਹਾਲਤ ਵਿੱਚ ਜਮ੍ਹਾਂ ਕਰਵਾਉਣੀ ਹੋਵੇਗੀ। ਜਿਹਨਾਂ ਮਾਪਿਆਂ ਦੀਆਂ ਦੋ ਲੜਕੀਆਂ ਹਨ ਅਤੇ ਕੋਈ ਲੜਕਾ ਨਹੀਂ ਹੈ, ਉਹਨਾਂ ਵਿੱਚੋਂ ਕੇਵਲ ਇਕ ਹੀ ਲੜਕੀ ਨੂੰ ਇਹ ਸੀਟ ਮਿਲ ਸਕਦੀ ਹੈ। (ਪੱਤਰ ਨੰ. Misc./A-6/59126-59380 ਮਿਤੀ 30-3-15)
16. ਕੈਂਸਰ ਅਤੇ ਏਡਜ਼ ਅਤੇ Thalassemia ਇਕ ਪਰਤੀ ਕੋਰਸ ਦੇ ਮਰੀਜ ਲਈ ਇੱਕ ਵਾਧੂ ਸੀਟ ਦੀ ਵਿਵਸਥਾ ਕੀਤੀ ਗਈ ਹੈ, ਬਸ਼ਰਤੇ ਕਿ ਉਹ ਨਿਰਧਾਰਿਤ ਯੋਗਤਾ ਸ਼ਰਤਾਂ ਪੂਰੀਆਂ ਕਰਦਾ ਹੋਵੇ। ਇਸ ਸੰਬੰਧੀ PGI, AIIMS ਜਾਂ National Medical Institute ਤੋਂ ਸਰਟੀਫਿਕੇਟ ਹੋਣਾ ਜਰੂਰੀ ਹੈ।
17. ਰਾਖਵਾਂਕਰਨ ਦੀ ਨੀਤੀ ਵਿੱਚ ਪੰਜਾਬ ਸਰਕਾਰ/ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਸੋਧ ਹੋ ਸਕਦੀ ਹੈ। ਜੋ ਇੰਨਬਿੰਨ ਲਾਗੂ ਹੋਵੇਗੀ।
18. ਰਾਖਵਾਂਕਰਨ ਕਿਸੇ ਵੀ ਸੂਰਤ ਵਿੱਚ ਕੁੱਲ ਸੀਟਾਂ ਦੇ 50% ਤੋਂ ਵੱਧ ਨਹੀਂ ਹੋਵੇਗਾ।

## ਨੋਟ

1. ਵਰਗਾਂ ਨਾਲ ਸਬੰਧਤ ਉਹ ਉਮੀਦਵਾਰ ਜੋ ਜਨਰਲ ਮੈਰਿਟ ਵਿੱਚ ਆ ਜਾਣਗੇ, ਰਾਖਵੇਂ ਕੋਟੇ ਵਿੱਚ ਨਹੀਂ ਗਿਣੇ ਜਾਣਗੇ ਅਤੇ ਉਹਨਾਂ ਦਾ ਦਾਖਲਾ ਜਨਰਲ ਮੈਰਿਟ ਲਿਸਟ ਅਨੁਸਾਰ ਹੀ ਕੀਤਾ ਜਾਵੇਗਾ। ਉਮੀਦਵਾਰ ਇੱਕ ਤੋਂ ਵਧੇਰੇ ਰਾਖਵੇਂ ਵਰਗ ਲਈ ਸਬੂਤਾਂ ਸਹਿਤ ਦਾਅਵਾ ਕਰ ਸਕਦਾ ਹੈ, ਜਿਹੜਾ ਕਿ ਬਣਦੀ ਮੈਰਿਟ ਅਨੁਸਾਰ ਹੀ ਪ੍ਰਦਾਨ ਕੀਤਾ ਜਾਵੇਗਾ। ਵਿਦਿਆਰਥੀ ਜਿਸ ਕੋਟੇ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ, ਉਸ ਲਈ ਅਲਗ-ਅਲਗ ਫਾਰਮ ਭਰੇਗਾ।

## ਫੀਸਾਂ ਸੰਬੰਧੀ ਵੇਰਵਾ

### ਕਾਲਜ ਵਿੱਚ ਫੀਸਾਂ ਪੰਜਾਬ ਸਰਕਾਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਲਈਆਂ ਜਾਣਗੀਆਂ

### ਫੀਸਾਂ ਵਿੱਚ ਛੋਟ

ਲੜਕੀਆਂ ਦੀ ਟਿਊਸ਼ਨ ਫੀਸ ਬਿਲਕੁਲ ਮੁਆਫ ਹੈ। ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਅੱਧੀ ਫੀਸ ਦੀ ਛੋਟ ਦੇਣ ਦਾ ਅਧਿਕਾਰ ਪ੍ਰਿੰਸੀਪਲ ਸਾਹਿਬ ਨੂੰ ਪ੍ਰਾਪਤ ਹੈ। ਪਰ ਇਹ ਗਿਣਤੀ ਕਾਲਜ ਦੇ ਕੁਲ ਵਿਦਿਆਰਥੀਆਂ ਦੇ 10% ਤੋਂ ਵੱਧ ਨਹੀਂ ਹੋ ਸਕਦੀ। ਇਸ ਉਦੇਸ਼ ਲਈ ਵਿਦਿਆਰਥੀਆਂ ਨੂੰ ਕਾਲਜ ਵਿੱਚ ਸੰਬੰਧਤ ਬਿਨੈ-ਪੱਤਰ ਲੈ ਕੇ ਆਪਣੇ ਟਿਊਟਰ ਪਾਸੋਂ ਤਸਦੀਕ ਕਰਵਾਕੇ ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਾ ਪਵੇਗਾ।

**ਸ਼ਰਤਾਂ**

1. ਅੱਧੀ ਫ਼ੀਸ ਦੀ ਰਿਆਇਤ ਉਸੇ ਵਿਦਿਆਰਥੀ ਨੂੰ ਦਿੱਤੀ ਜਾਵੇਗੀ ਜਿਸਦਾ ਆਚਰਣ ਠੀਕ ਹੋਵੇਗਾ, ਹਾਜ਼ਰੀ ਲਗਾਤਾਰ ਹੋਵੇਗੀ ਅਤੇ ਪੜ੍ਹਾਈ ਸੰਤੋਸ਼ਜਨਕ ਹੋਵੇਗੀ। ਜਿਹੜਾ ਵਿਦਿਆਰਥੀ ਕਿਸੇ ਅੰਦਲੋਨ ਵਿੱਚ ਹਿੱਸਾ ਲਵੇਗਾ ਜਾਂ ਸਿੱਧੇ ਅਸਿੱਧੇ ਰੂਪ ਵਿੱਚ ਗਲਤ ਵਰਤਾਉ ਕਰੇਗਾ ਜਾਂ ਪੜ੍ਹਾਈ ਨਹੀਂ ਕਰੇਗਾ ਤਾਂ ਉਸ ਤੋਂ ਰਿਆਇਤ ਵਾਪਸ ਲਈ ਜਾ ਸਕਦੀ ਹੈ।

(ਅ) ਭੈਣ-ਭਰਾ ਲਈ ਵੀ ਰਿਆਇਤ ਦੀ ਵਿਵਸਥਾ ਹੈ, ਪਰ ਇਸ ਲਈ ਇਹ ਜ਼ਰੂਰੀ ਹੈ ਕਿ ਕਾਲਜ ਵਿੱਚ ਪੜ੍ਹਨ ਵਾਲੇ ਭੈਣ ਭਰਾ ਵਿੱਚ ਵੱਡਾ ਭੈਣ/ਭਰਾ ਪੂਰੀ ਫੀਸ ਜਮ੍ਹਾਂ ਕਰਵਾਏਗਾ ਅਤੇ ਛੋਟ ਛੋਟੇ ਭਰਾ/ਭੈਣ ਨੂੰ ਹੀ ਮਿਲੇਗੀ।

2. ਫੇਲ੍ਹ ਹੋਣ ਵਾਲੇ ਵਿਦਿਆਰਥੀ ਨੂੰ ਫੀਸ ਵਿੱਚ ਛੋਟ ਨਹੀਂ ਦਿੱਤੀ ਜਾਵੇਗੀ। ਜਿਹੜੇ ਵਿਦਿਆਰਥੀ ਅੱਧੀ ਫੀਸ ਦੀ ਛੋਟ ਦਾ ਲਾਭ ਪ੍ਰਾਪਤ ਕਰ ਰਹੇ ਹੋਣਗੇ ਜੇਕਰ ਉਨ੍ਹਾਂ ਦੇ ਘਰੇਲੂ ਪ੍ਰੀਖਿਆ ਅਤੇ ਮੁਖ ਪ੍ਰੀਖਿਆ ਦੇ ਨਤੀਜੇ ਸੰਤੋਸ਼ਜਨਕ ਨਹੀਂ ਹੋਣਗੇ ਤਾਂ ਉਨ੍ਹਾਂ ਦੀ ਫੀਸ ਦੀ ਛੋਟ ਵਾਪਸ ਲੈ ਲਈ ਜਾਵੇਗੀ।

### ਫੀਸ, ਜੁਰਮਾਨੇ ਅਤੇ ਜ਼ਮਾਨਤਾਂ ਬਾਰੇ ਨਿਯਮ

1. ਜਿਨ੍ਹਾਂ ਵਿਦਿਆਰਥੀਆਂ ਨੇ ਆਪਣੇ ਪਿਛਲੇ ਸਾਲ ਦੀ ਜ਼ਮਾਨਤ ਫੀਸ (Security Fee) ਵਾਪਸ ਨਹੀਂ ਲਈ, ਉਹ ਨਿਰਧਾਰਤ ਫਾਰਮ ਰਾਹੀਂ ਅਰਜੀ ਦੇ ਕੇ ਦਾਖਲੇ ਸਮੇਂ ਜ਼ਮਾਨਤ ਰਕਮ ਨਵੀਂ ਅਦਾਇਗੀ ਸਮੇਂ ਜਮ੍ਹਾਂ ਕਰਵਾ ਲੈਣ। ਇਹ ਫੀਸ 30 ਰੁਪਏ ਹੋਵੇਗੀ।
2. ਜੇਕਰ ਕੋਈ ਵਿਦਿਆਰਥੀ ਆਪਣੀ ਜਮਾਨਤ ਕਾਲਜ ਛੱਡਣ ਪਿੱਛੋਂ ਇੱਕ ਸਾਲ ਅੰਦਰ ਵਾਪਸ ਨਹੀਂ ਲਵੇਗਾ ਤਾਂ ਉਹ ਕਾਲਜ ਦੇ

ਖਾਤੇ ਵਿੱਚ ਜਮ੍ਹਾਂ ਹੋ ਜਾਵੇਗੀ ਅਤੇ ਵਿਦਿਆਰਥੀ ਦਾ ਉਸ ਤੇ ਕੋਈ ਹੱਕ ਨਹੀਂ ਰਹੇਗਾ।

3. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਰਾਜ ਸਰਕਾਰ ਨੇ ਹਰੀਜਨ ਕਲਿਆਣ ਯੋਜਨਾ ਦੇ ਅੰਤਰਗਤ ਪੂਰੀ ਫੀਸ ਦੀ ਰਿਆਇਤ ਦਿੱਤੀ ਹੋਈ ਹੈ। ਅਜਿਹੇ ਵਿਦਿਆਰਥੀ ਨੂੰ ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਆਪਣੀ ਜਾਤ ਦਾ ਅਸਲੀ ਸਰਟੀਫਿਕੇਟ ਅਤੇ ਅਨੈਕਸਚਰ 1 ਅਤੇ 2 ਦਾ ਹਲਫੀਆਂ ਬਿਆਨ ਦੇਣਾ ਪਵੇਗਾ।

ਹੇਠ ਲਿਖੇ ਵਰਗਾਂ ਦੇ ਬੀ.ਏ./ਬੀ.ਐਸ.ਸੀ/ਬੀ.ਕਾਮ. ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਫੀਸ ਵਿੱਚ ਛੋਟ ਦਿੱਤੀ ਜਾਵੇਗੀ।

(ੳ) ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੇ ਬੱਚਿਆਂ ਨੂੰ।

(ਅ) ਜੰਮੂ ਤੇ ਕਸ਼ਮੀਰ ਹਿੰਦ-ਪਾਕ ਅਤੇ ਹਿੰਦ-ਤਿੱਬਤ ਦੀ ਸੀਮਾ ਤੇ ਕੰਮ ਕਰ ਰਹੇ ਜਵਾਨਾਂ ਦੇ ਬੱਚਿਆਂ ਨੂੰ।

## ਰੈਡ ਕਰਾਸ ਫੰਡ

ਰੈਡ ਕਰਾਸ ਫੰਡ ਵਿਚੋਂ ਲੋੜਵੰਦ ਅਤੇ ਗਰੀਬ ਵਿਦਿਆਰਥੀਆਂ ਨੂੰ ਟਿਊਟਰ ਦੀ ਸ਼ਿਫਾਰਿਸ਼ ਤੇ ਵਜ਼ੀਫੇ ਅਤੇ ਸਹਾਇਤਾ ਦਿੱਤੀ ਜਾਂਦੀ ਹੈ।

## ਵਜ਼ੀਫ਼ੇ

ਯੋਗ ਵਿਦਿਆਰਥੀਆਂ ਨੂੰ ਨਿਮਨ ਲਿਖਿਤ ਅਨੁਸਾਰ ਵਜ਼ੀਫ਼ੇ ਦਿੱਤੇ ਜਾਣਗੇ। ਕਾਲਜ ਵਿੱਚ ਦਾਖਲ ਹੋਣ ਉਪਰੰਤ ਇਕ ਮਹੀਨੇ ਦੇ ਅੰਦਰ ਕਾਲਜ ਦਫਤਰ ਵਿੱਚ ਸੰਬੰਧਤ ਫਾਰਮ ਲੈ ਕੇ ਜਮ੍ਹਾਂ ਕਰਵਾਉਣੇ ਹੋਣਗੇ। ਸ਼ਰਤਾਂ ਅਤੇ ਮਾਲੀਅਤ ਹੇਠ ਲਿਖੇ ਨਿਯਮਾਂ ਅਨੁਸਾਰ ਹੋਵੇਗੀ।

1. ਸੁਤੰਤਰਤਾ ਘੁਲਾਟੀਏ, ਆਜ਼ਾਦ ਹਿੰਦ ਫੌਜ ਦੇ ਕਰਮਚਾਰੀਆਂ ਦੇ ਬੱਚਿਆਂ ਲਈ ਵਜੀਫਿਆਂ ਦੀ ਯੋਜਨਾ।
2. ਫੌਜ ਦੇ ਕਰਮਚਾਰੀਆਂ ਦੇ ਨਿਰਭਰ ਕਰਨ ਵਾਲਿਆਂ ਲਈ ਡੀ.ਐਸ.ਐਸ.ਏ. ਬੋਰਡ ਦੇ ਫੌਜੀ ਵਜ਼ੀਫੇ।
3. ਭਾਰਤ ਸਰਕਾਰ ਦੀ ਕੌਮੀ ਵਜ਼ੀਫਾ ਯੋਜਨਾ ਦੇ ਅੰਤਰਗਤ ਪ੍ਰੀਖਿਆ ਦੇ ਕੁਲ ਜੋੜ ਵਿੱਚੋਂ 60% ਅੰਕ ਪ੍ਰਾਪਤ ਕਰਨ ਵਾਲੇ ਦਿਦਿਆਰਥੀਆਂ ਨੂੰ ਨਿਯਮਾਂ ਅਨੁਸਾਰ ਵਜੀਫੇ ਦਿੱਤੇ ਜਾਂਦੇ ਹਨ।
4. ਯੂਨੀਵਰਸਿਟੀ ਤੋਂ ਮੈਰਿਟ ਵਜੀਫੇ ਕੇਵਲ ਮੈਰਿਟ ਲਿਸਟ ਵਾਲੇ ਵਿਦਿਆਰਥੀਆਂ ਲਈ ਹਨ।
5. ਭਾਰਤ ਸਰਕਾਰ ਵਲੋਂ ਗੈਰ ਹਿੰਦੀ ਰਾਜਾਂ ਦੇ ਦਸਵੀਂ ਕਲਾਸ ਤੋਂ ਉਪਰਲੀ ਕਲਾਸ ਵਿੱਚ ਹਿੰਦੀ ਵਿਸ਼ੇ ਨੂੰ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵੀ ਨਿਯਮਾਂ ਅਨੁਸਾਰ ਵਜੀਫਾ ਦਿੱਤਾ ਜਾਂਦਾ ਹੈ।
6. ਭਾਰਤ ਸਰਕਾਰ ਦੀ ਰਾਸ਼ਟਰੀ ਕਰਜਾ ਵਜੀਫਾ ਯੋਜਨਾ ਦੇ ਅੰਤਰਗਤ ਪ੍ਰੀਖਿਆ ਦੇ ਅੰਕਾਂ ਦੇ ਕੁਲ ਜੋੜ ਵਿਚੋਂ 50% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਹ ਵਜੀਫੇ ਦਿੱਤੇ ਜਾਂਦੇ ਹਨ।
7. ਸਰੀਰਕ ਤੌਰ ਤੇ ਨਕਾਰਾ ਵਿਦਿਆਰਥੀਆਂ ਲਈ ਭਾਰਤ ਸਰਕਾਰ ਵਜੀਫ਼ਾ ਦਿੰਦੀ ਹੈ। ਇਹ ਵਜੀਫਾ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾ ਦੇ ਪ੍ਰੀਖਿਆ ਦੇ ਅੰਕਾ ਵਿਚੋਂ ਘੱਟੋ ਘੱਟ 40% ਅੰਕ ਹੋਣ।
8. ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਭਾਰਤ ਸਰਕਾਰ ਦੇ ਵਜੀਫੇ -- ਇਹ ਵਜੀਫਾ ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਅੰਤਰਗਤ ਅਨੁਸੂਚਿਤ ਜਾਤੀ ਦੇ ਉਨ੍ਹਾਂ ਵਿਦਿਆਰਥੀਆਂ ਲਈ ਹੈ ਜਿਹੜੇ ਪੱਕੇ ਤੌਰ ਤੇ ਪੰਜਾਬ ਦੇ ਵਾਸੀ ਹਨ ਅਤੇ ਦਸਵੀਂ ਤੋ ਉੱਪਰ ਦੀ ਪੜ੍ਹਾਈ ਕਰ ਰਹੇ ਹਨ। ਸੰਬੰਧਤ ਫਾਰਮ ਕਾਲਜ ਦਫਤਰ ਅਤੇ ਸੰਬੰਧਤ ਵਿਭਾਗ ਦੇ ਜ਼ਿਲ੍ਹਾ

ਭਲਾਈ ਅਫਸਰ ਦੇ ਦਫਤਰ ਵਿਚੋਂ ਲਏ ਜਾ ਸਕਦੇ ਹਨ।

9. ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਦੇ ਉਨ੍ਹਾਂ ਅਧਿਆਪਕਾਂ ਦੇ ਬੱਚਿਆਂ ਨੂੰ ਵਜੀਫੇ ਦਿੱਤੇ ਜਾਂਦੇ ਜਿਨ੍ਹਾਂ ਦੇ ਪ੍ਰੀਖਿਆ ਅੰਕਾਂ ਦੇ ਕੁਲ ਜੋੜ ਵਿਚੋਂ 60% ਅੰਕ ਪ੍ਰਾਪਤ ਕੀਤੇ ਹੋਣ।

10. ਰਾਜ ਹਰੀਜਨ ਭਲਾਈ ਯੋਜਨਾ-- ਰਾਜ ਹਰੀਜਨ ਭਲਾਈ ਯੋਜਨਾ ਦੇ ਅੰਤਰਗਤ ਪੱਛੜੀਆਂ ਸ਼੍ਰੇਣੀਆਂ ਦੇ ਉਹ ਵਿਦਿਆਰਥੀ ਵਜੀਫਾ ਪ੍ਰਾਪਤ ਕਰ ਸਕਦੇ ਹਨ, ਜਿਹੜੇ ਪੰਜਾਬ ਰਾਜ ਦੇ ਪੱਕੇ ਵਾਸੀ ਹੋਣਗੇ। ਸਮਾਜਿਕ ਤੌਰ ਤੇ ਪੱਛੜੇ ਹੋਏ ਵਰਗਾਂ ਦੇ ਵਿਦਿਆਰਥੀਆਂ ਨੂੰ ਵੀ ਵਜੀਫੇ ਦਿੱਤੇ ਜਾਂਦੇ ਹਨ।ਜਿਨ੍ਹਾਂ ਦੇ ਪ੍ਰੀਖਿਆ ਦੇ ਕੁੱਲ ਅੰਕਾਂ ਵਿਚੋਂ 40% ਅੰਕ ਹੋਣਗੇ।

11. ਘੱਟ ਆਮਦਨ ਵਜੀਫਾ ਯੋਜਨਾ - ਘੱਟ ਆਮਦਨ ਵਜੀਫਾ ਯੋਜਨਾ ਦੇ ਅੰਤਰਗਤ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਵਜੀਫਾ ਦਿੱਤਾ ਜਾਵੇਗਾ ਜਿਹੜੇ, ਅਨੁਸੂਚਿਤ ਜਾਤਾਂ/ਕਬੀਲੇ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਨਾ ਹੋਣ।

12. ਵਿਮੁਕਤ ਜਾਤੀਆਂ ਲਈ ਵਜੀਫਾ ਯੋਜਨਾ -- ਦੇ ਅੰਤਰਗਤ ਉਨ੍ਹਾਂ ਵਿਦਿਆਰਥੀਆਂ ਨੂੰ ਵਜੀਫੇ ਦਿੱਤੇ ਜਾਣਗੇ ਜਿਹੜੇ ਪੱਕੇ ਤੌਰ ਤੇ ਪੰਜਾਬ ਦੇ ਵਾਸੀ ਹੋਣਗੇ।

13. ਰਾਸ਼ਟਰੀ ਸੰਸਕ੍ਰਿਤ ਸੰਸਥਾਨ ਸਕੀਮ ਅਧੀਨ ਵਜੀਫੇ :- ਯੂਨੀਵਰਸਿਟੀ ਨਵੀਂ ਦਿੱਲੀ ਵਲੋਂ ਚਲਾਈ ਗਈ ਵਜੀਫਾ ਸਕੀਮ ਅਧੀਨ ਸੰਸਕ੍ਰਿਤ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਜੀਫਾ ਦੇਣ ਦੀ ਤਜਵੀਜ਼ ਹੈ। ਇਹ ਵਜੀਫਾ ਪ੍ਰਾਪਤ ਕਰਨ ਲਈ ਵਿਦਿਆਰਥੀ ਨੇ ਕੁਆਲੀਫਾਈਂਗ ਇਮਤਿਹਾਨ ਸੰਸਕ੍ਰਿਤ ਵਿਸ਼ੇ ਵਿੱਚ ਘੱਟ ਤੋਂ ਘੱਟ 50% ਅੰਕ ਲੈ ਕੇ ਪਾਸ ਕੀਤਾ ਹੋਵੇ ਬੀ.ਏ,/ਬੀ.ਏ. (ਆਨਰਜ਼) ਦੇ ਵਿਦਿਆਰਥੀਆਂ ਲਈ ਵਜੀਫੇ ਲਈ ਨਿਰਧਾਰਤ ਫਾਰਮ ਤੇ ਕਾਲਜ ਪ੍ਰਿੰਸੀਪਲ ਰਾਹੀਂ ਸੰਬੰਧਤ ਸੰਸਥਾਨ ਨੂੰ ਅਪਲਾਈ ਕਰਨਾ ਹੋਵੇਗਾ। ਵਜੀਫਾ ਮਨਜੂਰ ਹੋ ਜਾਣ ਦੀ ਸੂਰਤ ਵਿੱਚ ਇਹ ਵਜੀਫਾ ਜੁਲਾਈ ਤੋਂ ਅਪਰੈਲ (ਜਾਣੀ 10 ਮਹੀਨਿਆ ਲਈ) ਮਿਲੇਗਾ।(The scholarship will be awarded per academic year on the basis of marks obtained in the previous examination Hence every year the student has to apply as a fresh applicant) B.A. II ਅਤੇ B.A. III ਦੇ ਵਿਦਿਆਰਥੀ (ਜੋ ਸੰਸਕ੍ਰਿਤ ਪੜਦੇ ਹਨ) ਵੀ ਇਸ ਵਜੀਫ਼ੇ ਲਈ ਅਪਲਾਈ ਕਰ ਸਕਦੇ ਹਨ।

ਨੋਟ :- **(1) ਇਸ ਵਜੀਫ਼ਾ ਪ੍ਰਾਪਤੀ ਲਈ ਸਮੇਂ ਦੋਰਾਨ ਸ਼ਰਤ ਹੈ ਕਿ ਉਹ ਵਿਦਿਆਰਥੀ ਹੋਰ ਕੋਈ ਵੀ ਵਜੀਫ਼ਾ ਨਾ ਪ੍ਰਾਪਤ ਕਰ ਰਿਹਾ ਹੋਵੇ।**

## ਵਜੀਫ਼ਿਆਂ ਸੰਬੰਧੀ ਵਿਸ਼ੇਸ਼ ਸੂਚਨਾ

(1) ਵਜੀਫ਼ਿਆਂ ਨਾਲ ਆਮਦਨ ਦੀ ਹੱਦ ਸਰਕਾਰ ਦੀਆਂ ਨਵੀਆਂ ਹਦਾਇਤਾਂ ਮੁਤਾਬਕ ਵੇਖੀ ਜਾਵੇਗੀ।

(2) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਅਨੈਕਸਚਰ 1 ਅਤੇ 2 ਭਰ ਕੇ ਦਾਖਲ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਪਿੰਡ ਦੇ ਸਰਪੰਚ ਤੋਂ ਤਸਦੀਕ ਕਰਵਾ ਕੇ ਲੋੜੀਂਦੇ ਵਜੀਫ਼ੇ ਲਈ ਫਾਰਮ ਕਾਲਜ ਦਫ਼ਤਰ ਵਿਚ ਜਮ੍ਹਾਂ ਕਰਵਾ ਦੇਣ। ਭਾਰਤ ਸਰਕਾਰ ਵਲੋਂ PMSS ਅਧੀਨ SC ਅਤੇ BC ਵਿਦਿਆਰਥਈਆਂ ਲਈ ਸਕਾਲਰਸ਼ਿਪ

| ਕੋਰਸ ਦਾ ਨਾ | ਵਜੀਫ਼ੇ ਦਾ ਨਾਂ | ਵਜੀਫ਼ੇ ਲਈ ਹੱਕਦਾਰ ਵਿਦਿਆਰਥੀ/ ਯੋਗਤਾ ਅਤੇ ਵਿਸਥਾਰ ਪੂਰਵਕ ਜਾਣਕਾਰੀ ਲਈ ਵੈਬੱ ਸਾਇਟ | ਆਮਦਨ ਸੀਮਾਂ | ਵਿਦਿਆਰਥੀਆਂ ਵਲੋਂ ਫ਼ਾਰਮ ਭਰਨ ਦੀ ਆਖ਼ਰੀ ਮਿਤੀ | ਨੱਥੀ ਕਰਨ ਯੋਗ ਦਸਤਾਵੇਜ |
|---|---|---|---|---|---|
| ਬੀ.ਏ/ਬੀ.ਐਸੱ.ਸੀ. ਭਾਗ ਪਹਿਲਾ ਅਤੇ ਉਪੱਰ ਦੇ ਸਾਰੇ ਕੋਰਸ ਉਪੱਰ (ਨਵਾ ਦਾਖਲਾ) | ਪੋਸਟ ਮੈਟ੍ਰਿਕ ਸ਼ਕਾਲਰਸ਼ਿਪ | ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ। ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਵੈਬੱ ਸਾਇਟ www.dpipunjab.org | ਸਾਲਾਨਾ ਆਮਦਨ ਰੁਪਏ 2,50,000 (ਢਾਈ ਲੱਖ) ਤੋਂ ਵੱਧ ਨਾ ਹੋਵੇ। | ....... | * ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਸਰਟੀਫ਼ਿਕੇਟ।<br>*ਆਮਦਨ ਸਬੰਧੀ ਸਰਟੀਫ਼ਿਕੇਟ।<br>* ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫ਼ਿਕੇਟ। |
| ਉਕਤ | ਪੋਸਟ ਮੈਟ੍ਰਿਕ ਸ਼ਕਾਲਰਸ਼ਿਪ | ਓ.ਬੀ.ਸੀ. (Other Backbward) ਦੇ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ। ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਵੈਬੱ ਸਾਇਟ www.dpipunjab.org | ਸਾਲਾਨਾ ਆਮਦਨ ਰੁਪਏ 1,00,000 (ਇਕ ਲੱਖ) ਤੋਂ ਵੱਧ ਨਾ ਹੋਵੇ। | ....... | * ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਸਰਟੀਫ਼ਿਕੇਟ।<br>*ਆਮਦਨ ਸਬੰਧੀ ਸਰਟੀਫ਼ਿਕੇਟ।<br>* ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫ਼ਿਕੇਟ।<br>* 8 PP ਫੋਟੋ<br>* ਅਧਾਰ ਕਾਰਡ<br>* ਬੈਂਕ ਪਾਸ ਬੁੱਕ ਦੀ ਕਾਪੀ<br>* ਦਾਖਲਾ ਰਸੀਦ ਦੀ ਫੋਟੋ ਕਾਪੀ<br>* ਹਲਫੀਆ ਬਿਆਨ। |
| ਉਕਤ | ਪੋਸਟ ਮੈਟ੍ਰਿਕ ਸ਼ਕਾਲਰਸ਼ਿਪ | ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਘੱਟ ਗਿਣਤੀਆਂ(Miniority Community) ਜਿਵੇਂ ਕਿ ਮੁਸਲਿਮ, ਸਿੱਖ, ਬੁੱਧ ਅਤੇ ਪਾਰਸੀ ਧਰਮ ਨਾਲ ਸਬੰਧਿਤ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ। ਵਿਦਿਆਰਥੀ ਨੇ ਪਿਛਲੀ ਕਲਾਸਾਂ ਵਿੱਚ 50% ਅੰਕ ਪ੍ਰਾਪਤ ਕੀਤੇ ਹੋਣ ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ।<br>ਵਿਦਿਆਰਥੀ ਪੰਜਾਬ ਦਾ ਵਸਨੀਕ ਹੋਵੇ।<br>ਵੈਬੱ ਸਾਇਟ<br>www.miniorityaffairs.gov.in | ਸਾਲਾਨਾ ਆਮਦਨ ਰੁਪਏ 2,00,000 (ਦੋ ਲੱਖ) ਤੋਂ ਵੱਧ ਨਾ ਹੋਵੇ। | | *ਆਮਦਨ ਸਬੰਧੀ ਸਰਟੀਫ਼ਿਕੇਟ।<br>* ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫ਼ਿਕੇਟ। |

## ਵਿਸ਼ਾ ਪਰਿਵਰਤਨ

ਜੇ ਕੋਈ ਵਿਦਿਆਰਥੀ ਵਿਸ਼ਾ ਤਬਦੀਲ ਕਰਨਾ ਚਾਹੇ ਤਾਂ ਉਹ ਆਪਣੇ ਦਾਖਲੇ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਵਿਸ਼ਾ ਦਬਦੀਲ ਕਰ ਸਕਦਾ ਹੈ। ਇਸ ਸੰਬੰਧੀ ਵਿਸ਼ੇ ਨਾਲ ਸੰਬੰਧਤ ਅਧਿਆਪਕਾਂ ਅਤੇ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਜਰੂਰੀ ਹੋਵੇਗੀ। ਵਿਸ਼ਾ ਪਰਿਵਰਤਨ ਕਰਨ ਦੀ ਸੂਰਤ ਵਿੱਚ ਪੁਰਾਣੇ ਵਿਸ਼ੇ ਵਿਚੋਂ ਆਪਣਾ ਨਾ ਕਟਵਾਉਣ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

## ਨਾਮ ਕੱਟਿਆ ਜਾਣਾ ਅਤੇ ਨਵੇਂ ਸਿਰਿਓ ਦਾਖਲਾ

ਜੇਕਰ ਕੋਈ ਵਿਦਿਆਰਥੀ ਨਿਰਧਾਰਤ ਮਿਤੀ ਤੱਕ ਕਾਲਜ ਦੀ ਫੀਸ ਅਤੇ ਬਕਾਏ ਜਮ੍ਹਾ ਨਹੀਂ ਕਰਵਾਏਗਾ ਜਾਂ ਬਿਨਾ ਛੁੱਟੀ ਦੇ ਲਗਾਤਾਰ ਛੇ ਕੰਮ ਵਾਲੇ ਦਿਨ ਗੈਰ ਹਾਜਰ ਰਹੇਗਾ ਤਾਂ ਉਸਦਾ ਨਾਂ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਦੁਬਾਰਾ ਫੀਸ ਅਤੇ ਜ਼ੁਰਮਾਨਾ ਦੇ ਕੇ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ 10 ਦਿਨਾਂ ਦੇ ਅੰਦਰ ਮੁੜ ਦਾਖਲਾ ਲੈ ਸਕਦੇ ਹਨ।

## ਕਾਲਜ ਛੱਡਣ ਬਾਰੇ

ਕਾਲਜ ਵਿੱਚ ਆਪਣੀ ਪੜ੍ਹਾਈ ਛੱਡਣ ਵਾਲੇ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਪ੍ਰਿੰਸੀਪਲ ਸਾਹਿਬ ਨੂੰ ਲਿਖਤੀ ਰੂਪ ਵਿੱਚ ਬੇਨਤੀ ਕਰੇ। ਬਿਨੈ ਪੱਤਰ ਉੱਤੇ ਵਿਦਿਆਰਥੀ ਅਤੇ ਉਸਦੇ ਮਾਤਾ/ਪਿਤਾ/ਸਰਪਰਸਤ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਕਾਲਜ ਛੱਡਣ ਵੇਲੇ ਵਿਦਿਆਰਥੀ ਨੂੰ ਕਾਲਜ ਦੀਆਂ ਫੀਸਾਂ ਅਤੇ ਜੁਰਮਾਨੇ ਦਾ ਬਕਾਇਆਂ ਦੇਣਾ ਪਵੇਗਾ।

## ਇੰਟਰਨਲ ਅਸੈਸਮੈਂਟ

1. ਪੰਜਾਬ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਅੰਡਰਗ੍ਰੈਜੂਏਟ ਕਲਾਸਾਂ ਬੀ.ਏ./ਬੀ.ਐਸ ਸੀ./ਬੀ.ਕਾਮ. ਸਮੈਸਟਰ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਅਤੇ ਛੇਵਾਂ ਦੇ ਵਿਦਿਆਰਥੀਆਂ ਲਈ ਪ੍ਰਤੀ ਵਿਸ਼ਾ 10% ਇੰਟਰਨਲ ਅਸੈਸਮੈਂਟ ਨਿਰਧਾਰਤ ਕੀਤੀ ਗਈ ਹੈ ਜੋ ਕਿ ਨਿਮਨ ਲਿਖਤ ਅਨੁਸਾਰ ਹੋਵੇਗੀ

   (1) **ਕਲਾਸ ਟੈਸਟ** 5%

   (2) **ਅਸਾਈਨਮੈਂਟ/ਸੈਮੀਨਾਰ/ਪ੍ਰੋਜੈਕਟ ਵਰਕ ਲਈ** 3%

   (3) **ਹਾਜਰੀਆਂ** 2%

   ਜਿਨ੍ਹਾਂ ਵਿਦਿਆਰਥੀਆਂ ਦੀਆਂ ਹਾਜਰੀਆਂ 85% ਜਾਂ ਇਸ ਤੋਂ ਵੱਧ ਹੋਣਗੀਆਂ ਉਨਾਂ ਨੂੰ 2% ਅੰਕ ਦਿੱਤੇ ਜਾਣਗੇ। ਜਿਨ੍ਹਾਂ ਵਿਦਿਆਰਥੀਆਂ ਦੀਆਂ ਹਾਜਰੀਆਂ 75% ਜਾਂ ਇਸ ਤੋਂ ਵੱਧ ਪਰ 85% ਤੋਂ ਘੱਟ ਹੋਣਗੀਆਂ ਉਨ੍ਹਾਂ ਨੂੰ 1% ਅੰਕ ਦਿੱਤੇ ਜਾਣਗੇ। ਜਿਨ੍ਹਾਂ ਵਿਦਿਆਰਥੀਆਂ ਦਆਂ ਹਾਜਰੀਆਂ 75% ਤੋਂ ਘੱਟ ਹੋਣਗੀਆਂ ਉਨ੍ਹਾਂ ਨੂੰ 0% ਅੰਕ ਦਿੱਤੇ ਜਾਣਗੇ ਅਤੇ ਨਾਲ ਹੀ ਉਹ ਸਮੈਸਟਰ ਇਮਤਿਹਾਨ ਵਿੱਚ ਬੈਠਣ ਤੋਂ ਅਯੋਗ ਹੋਣਗੇ।

2. **ਐਮ. ਏ.** ਦੀਆਂ ਪ੍ਰੀਖਿਆਵਾਂ ਲਈ 20% (ਪ੍ਰਤੀ ਪੇਪਰ ਪ੍ਰਤੀ ਸਮੈਸਟਰ) ਇੰਟਰਨਲ ਅਸੈਸਮੈਂਟ ਨਿਰਧਾਰਤ ਕੀਤੀ ਗਈ ਹੈ ਜੋ ਕਿ ਨਿਮਨ ਲਿਖਤ ਅਨੁਸਾਰ ਹੋਵੇਗੀ। (ਇਹ ਅਸੈਸਮੈਂਟ 100 ਅੰਕਾਂ ਵਿਚੋਂ ਲਗਾ ਕੇ 20% ਵਿੱਚ ਬਦਲੀ ਜਾਵੇਗੀ)

   (1) ਤਿੰਨ ਟੈਸਟ ਜਿਹਨਾਂ ਵਿਚੋਂ ਦੋ ਵਧੀਆਂ ਟੈਸਟਾਂ ਲਈ : 25+25=50 ਅੰਕ ...............10
   (2) ਸਨੈਪ ਟੈਸਟਾਂ ਲਈ : 15 ਅੰਕ...................3
   (3) ਕਲਾਸ ਵਿੱਚ ਵਿਚਾਰ-ਵਟਾਂਚਰੇ ਵਿੱਚ ਭਾਗੀਦਾਰੀ ਲਈ : 10 ਅੰਕ..............2
   (4) ਟਰਮ ਪੇਪਰਜ਼ ਲਈ : 15 ਅੰਕ ਅਤੇ.......3
   (5) ਹਾਜ਼ਰੀਆਂ ਲਈ : 10 ਅੰਕ (75% ਤੋਂ 85% ਹਾਜ਼ਰੀਆਂ ਲਈ 5 ਅੰਕ ਅਤੇ 85% ਤੋਂ ਉੱਪਰ ਹਾਜ਼ਰੀਆਂ ਲਈ 10 ਅੰਕ)...2

## ਹਾਜ਼ਰੀਆਂ

1. ਹਰ ਕੰਮ-ਕਾਜ ਵਾਲੇ ਦਿਨਾਂ ਦੌਰਾਨ ਵਿਦਿਆਰਥੀ ਵਲੋਂ ਕਲਾਸਾਂ ਲਗਾਉਣੀਆਂ ਜ਼ਰੂਰੀ ਹਨ। ਜੇ ਕੋਈ ਵਿਦਿਆਰਥੀ ਬਿਨਾਂ ਛੁੱਟੀ ਮਨਜ਼ੂਰ ਕਰਵਾਇਆਂ ਲਗਾਤਾਰ 7 ਦਿਨ ਕਿਸੇ ਪੀਰੀਅਡ ਵਿੱਚ ਗੈਰ-ਹਾਜ਼ਰ ਰਹਿੰਦਾ ਹੈ ਤਾਂ ਉਸਦਾ ਨਾਂ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਵਿਦਿਆਰਥੀ ਆਪਣੀ ਗੈਰ-ਹਾਜ਼ਰੀ ਦਾ ਕਾਰਨ ਦੱਸਦਿਆਂ ਪ੍ਰਿੰਸੀਪਲ ਸਾਹਿਬ ਨੂੰ ਮੁੜ ਦਾਖਲੇ ਲਈ ਬੇਨਤੀ ਕਰ ਸਕਦਾ ਹੈ ਅਤੇ ਮੁੜ ਦਾਖਲੇ ਦੀ ਆਗਿਆ ਮਿਲਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਮੁੜ ਦਾਖਲੇ ਲਈ ਨਿਰਧਾਰਤ ਕੀਤੀ ਫੀਸ ਜਮ੍ਹਾਂ ਕਰਵਾਉਣੀ ਪਵੇਗੀ।

2. ਵਿਦਿਆਰਥੀ ਵਲੋਂ ਕੁਲ ਲੈਕਚਰਾਂ ਦੇ 75% ਲੈਕਚਰ (ਟਿਊਟੋਰੀਅਲ, ਸੈਮੀਨਾਰ, ਪ੍ਰੈਕਟੀਕਲ) ਲਗਾਏ ਜਾਣੇ ਜ਼ਰੂਰੀ ਹਨ।

3. ਲੈਕਚਰ ਘਾਟ (Lecture Shortage) ਦੇ ਮਾਮਲੇ ਵਿੱਚ ਕੇਵਲ ਤਾਂ ਹੀ ਲੈਕਚਰ ਮਿਲਣਗੇ ਜੇ ਵਿਦਿਆਰਥੀ ਆਪਣੀ ਡਿਊਟੀ ਲੀਵ ਪ੍ਰਿੰਸੀਪਲ ਸਾਹਿਬ ਤੋਂ ਅਡਵਾਂਸ ਮਨਜ਼ੂਰ ਕਰਵਾ ਕੇ ਅਤੇ ਬਕਾਇਦਾ ਤੋਰ ਤੇ ਡਾਇਰੀ/ਡਿਸਪੈਚ ਨੰਬਰ ਲਗਵਾ ਕੇ ਗਿਆ ਹੋਵੇਗਾ। ਇਹ ਲੈਕਚਰ ਕੇਵਲ ਉਹੀ ਮਿਲਣਗੇ ਜਿਹੜੇ ਡਿਊਟੀ ਲੀਵ ਦੌਰਾਨ ਸੰਬੰਧਤ ਲੈਕਚਰਾਰ ਨੇ ਕਲਾਸ ਨੂੰ ਦਿੱਤੇ (Delivered) ਹੋਣਗੇ। ਕਿਸੇ ਵੀ ਗੈਰ ਸਰਕਾਰੀ/ਗੈਰ-ਮਾਨਤਾ ਪ੍ਰਾਪਤ ਸੰਸਥਾ ਵਲੋਂ ਕਰਵਾਏ ਜਾਣ ਵਾਲੇ ਕਿਸੇ ਵੀ ਮੁਕਾਬਲੇ ਲਈ ਕੋਈ ਵੀ ਲੈਕਚਰ/ਡਿਊਟੀ ਲੀਵ ਨਹੀਂ ਦਿੱਤੀ ਜਾਵੇਗੀ।

